# ਲੋਕਤਾ

ਅਪ੍ਰੈਲ - 1988

**April - 1988**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।



ਇਨਸਾਨੀਅਤ ਸਭਨਾਂ ਧਰਮਾਂ ਤੋਂ ਉਪਰ ਹੈ ਇਨਸਾਨ ਬਣੋ

Price 25¢ Out of Greater Vancouver 50¢

ਮਾਸਿਕ

# ਲੋਕਤਾ

# The Lokta

Monthly Magazine

2nd class Mail Reg. No. 6794

VOL 2 NO. 7 APRIL/ਅਪ੍ਰੈਲ 1987

## ਭਾਰਤ ਬੰਦ ਵਿਸ਼ੇਸ਼ ਅੰਕ



(1976 ਤੋਂ ਛਪਦਾ ਆ ਰਿਹਾ ਪੰਜਾਬੀ ਦਾ ਸਾਹਿਤਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ)

**LOKTA BOARD**

**MANAGER**
Harkewal S. Dhaliwal 588-4279

**PUBLISHER**
Piara Singh Basi
588-7573

**EDITORIAL BOARD**
'Soofi' Amarjit 581-7811
Surinder S. Sangha 588-5217
Mohinder S. Soomel 327-6461
Gurnam Singh Sanghera 325-1662

**CIRCULATION**
Jaspal S. Sandhu 596-6984

**ADVERTISEMENT**
Amarjit Chatha 325-8006

The
# Lokta
P.O.BOX 67534 STN. 'O'
VANCOUVER, B.C. V5W 3T9

Monthly Magazine — 2nd class Mail Reg. No. 6794

VOL 2 NO. 7 APRIL/ਅਪ੍ਰੈਲ 1987

ਡਾਕ ਰਾਹੀਂ : ਸਾਲਾਨਾ ਚੰਦਾ 10 ਡਾਲਰ
ਮੁੱਲ - 25 ਸੈਂਟ

**LOKTA REPRESENTATIVE**

| | |
|---|---|
| Ranjit S. Sandhu | Williams Lake (392-7405) |
| Surinder S. Johal | Edmonton (461-6073) |
| Nirmal S. Dhindsa | Brampton (453-8149) |
| Lehamber S. Pooni | Toronto (671-2296) |
| Rajinder S. Dhaliwal | Winnipeg (633-5229) |
| Hardev S. Rai | Calgary (293-3467 |
| Hakam S. Hans | Prince Rupert (624-3284 |
| Surjit S. Bopanrai | Quesnel (992-3849) |

# ਕੀ ਕਿੱਥੇ ਹੈ ?

ਸੰਪਾਦਕੀ — 3
ਮਿ: ਵੈਂਡਰਜ਼ਾਮ ਸਨਮਾਨਤ — 5
ਭਾਰਤ ਬੰਦ ਬਾਰੇ ਵਿਸਤਾਰਪੂਰਬਕ ਰਿਪੋਰਟ — 6
ਕਵਿਤਾਵਾ — 16-17
ਭਾਰਤ ਬੰਦ ਨੂੰ ਭਰਪੂਰ ਹੁੰਗਾਰਾ — 19
ਅਤਿਵਾਦੀਆਂ ਨਾਲ ਸੌਦੇਬਾਜ਼ੀ ਅਤਿਘਾਤਕ — 21
ਸ਼ਹੀਦ ਪੰ: ਕਾਂਸ਼ੀ ਰਾਮ — 25
ਪੰਜਾਬ ਜਲ ਰਿਹਾ ਹੈ — 29
ਸਰਕਾਰੀ ਅਦਾਰੇ ਦਾ ਪ੍ਰਾਈਵੇਟਕਰਣ — 28

# ਲੋਕਤਾ ਨੂੰ ਸਹਾਇਤਾ

ਕੁਲਜੀਤ ਸਿੰਘ ਦਿਉਲ — 100 ਡਾਲਰ
ਹਰਦੇਵ ਸਿੰਘ ਰਾਏ ਵਲੋਂ — 100 ਡਾਲਰ
(ਕਾ: ਪ੍ਰਮਾਨੰਦ ਰਾਹੀਂ)
ਮਾਸਟਰ ਅਵਤਾਰ ਸਿੰਘ ਗੋਬਿੰਦਪੁਰੀ — 50 ਡਾਲਰ
ਕੁਲਵਿੰਦਰ ਸਿੰਘ ਬਦੇਸ਼ਾ — 35 ਡਾਲਰ

# ਇਸ ਅੰਕ ਵਿਚ ਵਿਸ਼ੇਸ਼

- ਭਾਰਤ ਬੰਦ ਦੀ ਰੀਪੋਰਟ ਤੋਂ ਬਿਨਾਂ ਕਾਮਰੇਡ ਹਰਿਕਿਸ਼ਨ ਸਿੰਘ ਸੁਰਜੀਤ ਦਾ ਲੇਖ ਪੰਜਾਬ ਸੰਬੰਧੀ
- ਸਾਥੀ ਗੁਰਨਾਮ ਸਿੰਘ ਸੰਘੇੜਾ ਦਾ ਲੇਖ ਪ੍ਰਾਈਵੇਟਕਰਨ ਸੰਬੰਧੀ

ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

# ਲੋਕਤਾ ਦਾ ਇਹ ਅੰਕ

ਲੋਕਤਾ ਦਾ ਹਥਲਾ ਅੰਕ ਭਾਵੇਂ ਪਹਿਲੇ ਅੰਕਾਂ ਵਾਂਗ ਸਾਧਾਰਨ ਅੰਕ ਹੀ ਹੈ ਇਸ ਦੇ ਪੰਨੇ ਵੀ ਪਹਿਲਾਂ ਵਾਂਗ 32 ਹੀ ਹਨ, ਪ੍ਰੰਤੂ ਫਿਰ ਵੀ ਇਹ ਅੰਕ ਇਕ ਵਿਸ਼ੇਸ਼ ਅੰਕ ਹੈ। ਇਹ ਵਿਸ਼ੇਸ਼ ਇਸ ਲਈ ਹੈ ਕਿ ਇਹ ਵੈਸਾਖੀ ਦੇ ਸਮੇਂ ਉਪਰ ਨਿਕਲ ਰਿਹਾ ਹੈ। ਇਹ ਅੰਕ ਵੈਸਾਖੀ ਦੇ ਇਤਿਹਾਸ ਵਿਚ ਜਲ੍ਹਿਆਂਵਾਲੇ ਬਾਗ ਦੀ ਮਹਾਨ ਲੋਕ-ਏਕਤਾ ਦੀ ਭਾਵਨਾ ਦੇ ਸੰਦੇਸ਼ ਨੂੰ ਭਾਰਤ ਦੇ ਲੋਕਾਂ ਦੇ ਅਮਲ ਵਿਚ ਲਿਆਉਣ ਨੂੰ ਪਰਤੱਖ ਕਰ ਦਿਖਾਉਣ ਦੀ ਵਿਸਥਾਰ ਪੂਰਬਕ ਰੀਪੋਰਟ ਪੇਸ਼ ਕਰ ਰਿਹਾ ਹੈ। ਅਮਲ ਜੋ 15 ਮਾਰਚ 1988 ਦੇ ਭਾਰਤ ਬੰਦ ਨੇ ਸਹੀ ਬੰਦ ਕੀਤਾ ਹੈ।

ਇਸ ਅੰਕ ਵਿਚ ਭਾਰਤ ਦੀਆਂ 9 ਖੱਬੀਆਂ ਤੇ ਜਮਹੂਰੀ ਵਿਰੋਧੀ ਪਾਰਟੀਆਂ ਦੇ ਸੱਦੇ ਉਪਰ 15 ਮਾਰਚ ਨੂੰ ਕੀਤੇ ਗਏ ਭਾਰਤ ਬੰਦ ਦੀ ਸਫਲਤਾ ਦੀ ਇਕ ਝਾਕੀ ਪੇਸ਼ ਕਰ ਰਿਹਾ ਹੈ। ਭਾਰਤ ਦੇ ਲੋਕਾਂ ਨੇ ਇੰਨੀ ਸਫਲ ਅਤੇ ਮਹਾਨ ਹੜਤਾਲ ਸ਼ਾਇਦ ਪਹਿਲੀ ਵਾਰ ਸਫਲਤਾ ਨਾਲ ਕਰ ਦਿਖਾਈ ਹੈ। ਇਸ ਸਫਲ ਬੰਦ ਨੂੰ ਜੱਥੇਬੰਦ ਕਰਨ ਵਿਚ ਮੁਖ ਰੋਲ ਖਬੀਆਂ ਪਾਰਟੀਆਂ ਦਾ ਹੈ ਜਿਨ੍ਹਾਂ ਭਾਰਤ ਦੇ ਕਰੋੜਾਂ ਲੋਕਾਂ ਦੇ ਦਿਲਾਂ ਦੇ ਦੁੱਖਾਂ ਨੂੰ ਪਛਾਣ ਕੇ, ਏਕਤਾ ਉਸਾਰਨ ਵੱਲ ਪਰੇਰਿਆ ਤਾਂ ਜੋ ਲੋਕ ਵਿਰੋਧੀ ਕਾਂਗਰਸ ਸਰਕਾਰ ਦਾ ਅੰਤ ਕੀਤਾ ਜਾ ਸਕੇ ਅਤੇ ਵੱਖਵਾਦੀ, ਫਿਰਕੂ, ਵੰਡਵਾਦੀ, ਜਾਤੀਵਾਦੀ — ਲੋਕ ਦੁਸ਼ਮਣਾਂ ਨੂੰ ਨਿਖੇੜਿਆ ਜਾ ਸਕੇ। ਇਸ ਸੇਧ ਵਿਚ ਬੰਦ, ਆਪਣੇ ਪ੍ਰਬੰਧਕਾਂ ਦੀਆਂ ਆਸਾਂ ਤੋਂ ਕਿਤੇ ਵੱਧ ਭਰਪੂਰਤਾ ਨਾਲ ਸਫਲ ਰਿਹਾ ਹੈ।

ਇਸ ਬੰਦ ਨੇ ਜਿਥੇ ਭਾਰਤ ਦੇ ਕਰੋੜਾਂ ਲੋਕਾਂ ਨੂੰ ਆਪ ਮੁਹਾਰੇ ਹੀ, ਇਸ ਵਿਚ ਸ਼ਾਮਲ ਹੋਣ ਲਈ ਪਰੇਰਿਆ, ਉਥੇ ਉਨ੍ਹਾਂ ਵਿਚ ਰਾਜਨੀਤਕ ਜਾਗਰਤੀ ਦੀ ਅਜਿਹੀ ਲਹਿਰ ਪੈਦਾ ਕੀਤੀ ਹੈ ਜੋ ਕਾਂਗਰਸ ਦੇ ਦੁਰ ਰਾਜ ਨੂੰ ਹੂੰਝਣ ਦੇ ਸਮਰਥ ਹੈ। ਕਾਂਗਰਸ ਦਾ ਦੁਰਰਾਜ ਜੋ 1984 ਵਿਚ ਹੂੰਝਿਆ ਜਾਣਾ ਸੰਭਵ ਸੀ, ਪਰ ਜਿਸ ਦੀ ਉਪਰ ਨੂੰ ਲੰਬਿਆਂ ਕਰਨ ਵਿਚ ਵੱਖਵਾਦੀ, ਫਿਰਕੂ ਟੋਲਿਆਂ ਨੇ, ਲੋਕਾਂ ਨੂੰ ਆਪਸ ਵਿਚ ਪਾੜ ਕੇ, ਸਹਾਇਤਾ ਕੀਤੀ ਸੀ। ਲੋਕਾਂ ਦੇ ਮਸਲਿਆਂ ਨੂੰ, ਰਾਜਨੀਤਕ ਅਤੇ ਆਰਥਕ ਪੱਖੋਂ ਪੇਸ਼ ਕਰਨ ਦੀ ਥਾਵੇਂ, ਧਰਮ, ਬੋਲੀ, ਇਲਾਕੇ ਦੇ ਤੌਰ ਉਪਰ ਪੇਸ਼ ਕਰਕੇ, ਭਾਰਤ ਦੀ ਸਰਮਾਏਦਾਰ-ਜਾਗੀਰਦਾਰ ਸਰਕਾਰ ਨੂੰ ਲੁਟੇਰੀਆਂ ਜਮਾਤਾਂ ਦੇ ਤੌਰ ਤੇ ਨਹੀਂ, ਸਗੋਂ ਹਿੰਦੂ ਸਰਕਾਰ ਵਜੋਂ ਪੇਸ਼ ਕਰਕੇ ਉਸ ਨੂੰ ਮਜ਼ਬੂਤ ਕੀਤਾ।

ਭਾਰਤ ਦੀ 81 ਕਰੋੜ ਆਬਾਦੀ ਵਿਚੋਂ 80 ਫੀਸਦੀ ਆਬਾਦੀ ਨੇ ਇਸ ਬੰਦ ਵਿਚ ਹਿਸਾ ਲੈ ਕੇ ਕਾਂਗਰਸ ਰਾਜ ਅਤੇ ਉਸ ਦੇ ਜਮਾਤੀ ਅਤੇ ਸਿਆਸੀ ਭਿਆਲਾਂ ਦੇ ਕਾਲਜੇ ਕੱਠੇ ਕਰ ਦਿੱਤੇ। ਭਾਰਤੀ ਜਨਤਾ ਪਾਰਟੀ ਅਤੇ ਹੋਰਨਾਂ ਵੱਖਵਾਦੀ ਤੱਤਾਂ ਦੇ ਪੈਰ ਉਖਾੜ ਦਿੱਤੇ। ਪੰਜਾਬ, ਇਸ ਦੀ ਵਿਸ਼ੇਸ਼ ਉਦਾਹਰਣ ਹੈ

ਕਾਂਗਰਸ ਸਰਕਾਰ ਦੇ ਨਾਲ ਦਿਲੋਂ ਹੇਜ ਰੱਖਣ ਵਾਲੇ ਜਮਾਤੀ ਅਤੇ ਸਿਆਸੀ ਪੱਤਰਕਾਰਾਂ, ਅਖਬਾਰਾਂ, ਟੈਲੀਵੀਜ਼ਨ ਅਤੇ ਰੇਡੀਓ ਨੇ ਬੰਦ ਨੂੰ ਫੇਲ ਕਰਨ ਲਈ ਝੂਠਾ ਪਰਚਾਰ ਕਰਕੇ ਅਤੇ ਬੰਦ ਤੋਂ ਮਗਰੋਂ ਬੰਦ ਨੂੰ ਅਸਫਲ ਪੇਸ਼ ਕਰਕੇ ਕਾਂਗਰਸ ਦੇ ਲੋਕ ਦੁਸ਼ਮਣ ਰਾਜ ਨਾਲ ਆਪਣੀ ਵਫਾਦਾਰੀ ਦਾ ਸਬੂਤ ਦਿੱਤਾ।

ਕੈਨੇਡਾ ਵਿਚ ਕਾਂਗਰਸ ਰਾਜ ਨੂੰ ਦਿਨ ਰਾਤ ਗਾਲ੍ਹਾਂ ਕੱਢਣ ਵਾਲੇ ਫਿਰਕੂ ਅਖਬਾਰ ਨੇ ਬੰਦ ਨੂੰ ਅਸਫਲ ਦਿਖਾਉਣ ਲਈ ਅੱਖਾਂ ਉਪਰ ਪੱਟੀ ਬੰਨ੍ਹ ਲਈ। ਖੈਰ ਇਹ ਤਾਂ ਉਨ੍ਹਾਂ ਦੀ ਧੋਖਾਦਹੀ, ਕਮੀਨਗੀ ਅਤੇ ਜਮਾਤੀ ਮਿਲਵਰਤਨ ਦਾ ਰੰਗ ਹੈ। ਪਰ ਕਦੇ ਵੀ ਅੱਖਾਂ ਉਪਰ ਪੱਟੀ ਬੰਨ੍ਹ ਕੇ ਸੂਰਜ ਨੂੰ ਅਲੋਪ ਨਹੀਂ ਕੀਤਾ ਜਾ ਸਕਦਾ।

ਲੋਕਤਾ ਆਪਣਾ ਫਰਜ਼ ਸਮਝਦਾ ਹੈ ਕਿ 15 ਮਾਰਚ ਦੇ ਭਾਰਤ ਬੰਦ ਦੀ ਵਿਸਤਾਰ ਪੂਰਬਕ ਰੀਪੋਰਟ, ਖਾਸ ਕਰਕੇ ਪੰਜਾਬ ਵਿਚ ਬੰਦ ਦੀ ਰੀਪੋਰਟ ਪੇਸ਼ ਕਰੇ ਤਾਂ ਜੋ ਕੈਨੇਡਾ ਵਿਚ ਰਹਿੰਦੇ ਭਾਰਤੀ ਲੋਕਾਂ ਨੂੰ ਪਤਾ ਲੱਗ ਸਕੇ ਕਿ ਪੰਜਾਬ ਦੇ ਲੋਕ ਆਪਣੀਆਂ ਰਵਾਇਤਾਂ ਨੂੰ ਕਾਇਮ ਰੱਖਦੇ ਹੋਏ, ਭਾਰਤ ਦੀ ਏਕਤਾ ਅਤੇ ਅਖੰਡਤਾ ਲਈ ਦਰਿੜ ਖੜੇ ਹਨ ਅਤੇ ਵੱਖਵਾਦੀਆਂ ਦੇ ਇਸ ਝੂਠ ਨੂੰ ਨੰਗਾ ਕਰਦੇ ਹਨ ਕਿ ਪੰਜਾਬ ਖਾਲਿਸਤਾਨ ਦਾ ਸਮਰਥਕ ਹੈ।

ਭਾਵੇਂ ਅਸੀਂ ਇਸ ਗੱਲ ਨੂੰ ਪਰਵਾਨ ਕਰਦੇ ਹਾਂ ਕਿ ਅਮਰੀਕੀ ਸਾਮਰਾਜ ਅਤੇ ਪਾਕਿਸਤਾਨ ਭਾਰਤ ਦੀ ਅਖੰਡਤਾ ਤੋੜਨ ਲਈ, ਵੱਖਵਾਦੀਆਂ ਨੂੰ ਹਥਿਆਰ ਅਤੇ ਟਰੇਨਿੰਗ ਦੇ ਕੇ ਪੰਜਾਬ ਭੇਜ ਰਹੇ ਹਨ ਜਿਥੇ ਉਹ ਕਤਲਾਂ ਦਾ ਔਰੰਗਜ਼ੇਬੀ ਦੌਰ ਚਲਾ ਰਹੇ ਹਨ। ਉਨ੍ਹਾਂ ਵਲੋਂ ਪੈਦਾ ਕੀਤੀ ਦਹਿਸ਼ਤ ਕਦੇ ਵੀ ਲੋਕਾਂ ਨੂੰ ਉਨ੍ਹਾਂ ਦੇ ਸਹਿਯੋਗੀ ਨਹੀਂ ਬਣਨ ਦੇਵੇਗੀ। ਇਨ੍ਹਾਂ ਦੇ ਵਲੋਂ ਆਏ ਦਿਨ ਅਨੇਕਾਂ ਲੋਕਾਂ ਦੇ ਕੀਤੇ ਜਾ ਰਹੇ ਕਤਲਾਂ ਦੀ ਫਿਰਕੂ-ਜਨੂੰਨੀ ਅਤੇ ਵੱਖਵਾਦੀ ਹਨ੍ਹੇਰੀ ਅਗੇ ਜੇ ਕੋਈ ਡਟ ਕੇ ਖਲੋਤਾ ਹੈ ਤਾਂ ਉਹ ਦੇਸ਼ ਭਗਤ ਕਮਿਊਨਿਸਟ ਅਤੇ ਸੱਚੀਆਂ ਜਮਹੂਰੀ ਤਾਕਤਾਂ ਹੀ ਹਨ। ਇਹੋ ਕਾਰਨ ਹੈ ਕਿ ਭਾਰਤ ਬੰਦ ਦੇ ਸੱਦੇ ਸਮੇਂ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਪਾਰਟੀਆਂ ਨੂੰ ਖੁਲ੍ਹੇ ਦਿਲ ਨਾਲ ਸਹਿਯੋਗ ਦਿੱਤਾ ਭਾਰਤ ਬੰਦ ਦੇ ਸੱਦੇ ਨੂੰ ਆਪਣੀ ਸੋਚ, ਰਾਜਨੀਤੀ ਅਤੇ ਹਿੱਤਾਂ ਦਾ ਅੰਗ ਸਮਝਿਆ ਅਤੇ ਇਸ ਨੂੰ ਸਫਲ ਕਰ ਦਿਖਾਇਆ।

ਲੋਕਤਾ ਭਾਰਤ ਬੰਦ ਦੀ ਸਫਲਤਾ ਦੀ 9 ਪਾਰਟੀਆਂ ਦੇ ਆਗੂਆਂ ਤੇ ਵਰਕਰਾਂ ਨੂੰ ਅਤੇ ਸਮੁੱਚੇ ਭਾਰਤੀ ਲੋਕਾਂ ਨੂੰ ਲੱਖ ਲੱਖ ਵਧਾਈ ਦਿੰਦਾ ਹੈ ਜਿਨ੍ਹਾਂ ਭਾਰਤ ਬੰਦ ਨੂੰ ਸਫਲ ਬਣਾ ਕੇ ਰਾਜੀਵ ਸਰਕਾਰ ਅਤੇ ਵੱਖਵਾਦੀ ਤੱਤਾਂ ਦੀਆਂ ਜੜ੍ਹਾਂ ਹਿਲਾ ਦਿੱਤੀਆਂ।

# 23 ਅਪ੍ਰੈਲ ਨੂੰ ਵੈਨਕੂਵਰ ਅਮਨ ਮਾਰਚ

ਹਰ ਸਾਲ ਦੀ ਤਰ੍ਹਾਂ ਇਸ ਬਾਰ ਵੀ ਸੰਸਾਰ ਅਮਨ ਲਈ ਅਤੇ ਐਟਮੀ ਹਥਿਆਰਾਂ ਦੇ ਖਾਤਮੇ ਲਈ, 23 ਅਪ੍ਰੈਲ ਸ਼ਨਿਚਰਵਾਰ ਨੂੰ, ਮਹਾਨ ਅਮਨ ਮਾਰਚ ਵੈਨਕੂਵਰ ਵਿਚ ਕੀਤਾ ਜਾ ਰਿਹਾ ਹੈ। ਇਹ ਮਾਰਚ ਕਿਸਤਲਾਨੋ ਬੀਚ ਤੋਂ 11 ਵਜੇ ਚੱਲੇਗਾ ਅਤੇ ਇੰਗਲਸ਼ ਬੀਚ ਉਪਰ 2 ਵਜੇ ਸਮਾਪਤ ਹੋਵੇਗਾ।

ਲੋਕਾਂ ਵਲੋਂ ਲਗਾਤਾਰ ਸੰਸਾਰ ਅਮਨ ਲਈ ਕੀਤੇ ਜਾ ਰਹੇ ਯਤਨਾਂ ਦਾ ਹੀ ਸਿੱਟਾ ਹੈ ਕਿ ਅਮਰੀਕਾ ਨੂੰ ਮਜਬੂਰ ਹੋ ਕੇ, ਸੋਵੀਅਤ ਯੂਨੀਅਨ ਨਾਲ ਸਰਬਨਾਸ਼ੀ ਐਟਮੀ ਹਥਿਆਰਾਂ ਉਪਰ ਪਾਬੰਦੀ ਲਾਉਣ ਦਾ ਸਮਝੌਤਾ ਕਰਨਾ ਪਿਆ। ਸੋਵੀਅਤ ਯੂਨੀਅਨ ਲਗਾਤਾਰ ਇਨ੍ਹਾਂ ਹਥਿਆਰਾਂ ਦੇ ਖਾਤਮੇ ਲਈ ਤਜਵੀਜ਼ਾਂ ਰੱਖ ਰਿਹਾ ਸੀ। ਪਰ ਉਸ ਨੂੰ ਨਾਲ ਹੀ ਬਚਾਓ ਲਈ ਅਤੇ ਅਮਰੀਕੀ ਸ਼ਕਤੀ ਦੇ ਟਾਕਰੇ ਵਿਚ ਬਰਾਬਰਤਾ ਬਣਾਈ ਰੱਖਣ ਲਈ ਖੁਦ ਵੀ ਹਥਿਆਰ ਬਣਾਉਣੇ ਪੈ ਰਹੇ ਸਨ। ਫਿਰ ਵੀ ਸੋਵੀਅਤ ਯੂਨੀਅਨ ਸੰਸਾਰ ਅਮਨ ਲਹਿਰ ਦਾ ਭਰਪੂਰ ਸਮਰਥਨ ਕਰਦਾ ਸੀ। ਇਹੋ ਕਾਰਨ ਸੀ ਕਿ ਦੁਨੀਆਂ ਭਰ ਵਿਚ ਅਮਨ ਲਹਿਰ ਨੂੰ ਕਮਿਊਨਿਸਟਾਂ ਦੀ ਲਹਿਰ ਵਜੋਂ ਪਰਚਾਰ ਕੇ ਭੰਡਣ ਦਾ ਰਤਨ ਕੀਤਾ ਜਾ ਰਿਹਾ ਸੀ। ਜਿਵੇਂ ਕਿ ਅਮਨ ਅਤੇ ਕਮਿਊਨਿਜ਼ਮ ਦੋ ਬੜੀਆਂ ਖਤਰਨਾਕ ਚੀਜ਼ਾਂ ਹੋਣ ਪ੍ਰੰਤੂ ਹੁਣ ਅਮਰੀਕਾ ਨੂੰ ਇਸ ਸੰਸਾਰ ਅਮਨ ਲਹਿਰ ਅਗੇ ਗੋਡੇ ਟੇਕਣ ਉਪਰ ਮਜਬੂਰ ਹੋਣਾ ਪਿਆ ਹੈ।

ਮਈ ਦੇ ਅੰਤ ਉਪਰ ਅਮਰੀਕਨ ਪ੍ਰਧਾਨ ਮਾਸਕੋ ਜਾ ਰਿਹਾ ਹੈ ਅਤੇ ਦੂਰ ਮਾਰ ਐਟਮੀ ਹਥਿਆਰਾਂ ਦੀ ਗਿਣਤੀ ਚੋਂ ਅੱਧਿਆਂ ਨੂੰ ਖਤਮ ਕਰਨ ਦੀ ਸੰਧੀ ਉਪਰ ਦਸਤਖਤ ਕੀਤੇ ਜਾਣਗੇ। ਇਹ ਸੰਧੀ ਅਤੇ ਪਹਿਲਾਂ ਕੀਤੀਆਂ ਮਧਮ ਤੇ ਨੇੜੇ ਦੀ ਦੂਰੀ ਤੇ ਮਾਰ ਕਰਨ ਵਾਲੇ ਹਥਿਆਰਾਂ ਦੀ ਸੰਧੀ, ਸੰਸਾਰ ਅਮਨ ਲਹਿਰ ਦੀ ਇਕ ਸ਼ਾਨਦਾਰ ਜਿੱਤ ਹੈ।

ਸੰਸਾਰ ਉਪਰੋਂ ਸਾਰੇ ਹੀ ਐਟਮੀ ਹਥਿਆਰਾਂ ਦੇ ਮੁਕੰਮਲ ਖਾਤਮੇਂ ਲਈ

ਸੰਸਾਰ ਅਮਨ ਲਹਿਰ ਦੇ ਨਿਸ਼ਾਨੇ ਦੀ ਪ੍ਰਾਪਤੀ ਲਈ ਜ਼ੋਰ ਦੇਣ ਖਾਤਰ, ਸਾਨੂੰ ਸਾਰਿਆਂ ਨੂੰ 23 ਅਪ੍ਰੈਲ ਦੇ ਵੈਨਕੂਵਰ ਦੇ ਅਮਨ ਮਾਰਚ ਵਿਚ ਪਰਵਾਰਾਂ ਸਮੇਤ ਭਾਗ ਲੈਣਾ ਚਾਹੀਦਾ ਹੈ। ਸੰਸਾਰ ਅਮਨ — ਜ਼ਿੰਦਾਬਾਦ।

# ਵੈਸਾਖੀ ਕਿਵੇਂ ਮਨਾਈਏ!

ਵੈਸਾਖੀ ਦੇ ਤਿਉਹਾਰ ਨਾਲ ਭਾਰਤੀ ਲੋਕਾਂ ਦੀਆਂ ਅਨੇਕਾਂ ਸਭਿਆਚਾਰਕ, ਦੇਸ਼ ਭਗਤ ਅਤੇ ਧਾਰਮਿਕ ਯਾਦਾਂ ਜੁੜੀਆਂ ਹੋਈਆਂ ਹਨ। ਉਤਰੀ ਭਾਰਤ ਦੇ ਲੋਕ, ਖਾਸ ਕਰਕੇ ਪੰਜਾਬੀ, ਵੈਸਾਖੀ ਨੂੰ ਨਵੇਂ ਸਾਲ ਦੇ ਪਹਿਲੇ ਦਿਨ ਵਜੋਂ ਵੀ ਮਨਾਉਂਦੇ ਹਨ, ਕਿਉਂਕਿ ਬਿਕਰਮੀ ਸੰਮਤ ਵੈਸਾਖੀ ਤੋਂ ਆਰੰਭ ਹੁੰਦਾ ਹੈ।

ਵੈਸਾਖੀ ਫਸਲੀ ਤਿਉਹਾਰ ਤਾਂ ਹੈ ਹੀ, ਜੋ ਭੰਗੜੇ ਵਰਗੇ ਲੋਕ ਨਾਚਾਂ ਨਾਲ ਇਕ ਸਭਿਆਚਾਰਕ ਤਿਉਹਾਰ ਬਣ ਜਾਂਦਾ ਹੈ ਨਾਲ ਹੀ 1919 ਦੀ ਵੈਸਾਖੀ ਨੇ ਇਸ ਨੂੰ ਦੇਸ਼ ਭਗਤ ਰੰਗ ਵੀ ਚਾੜ੍ਹ ਦਿੱਤਾ, ਜਦੋਂ ਅੰਗਰੇਜ਼ ਸਾਮਰਾਜੀਆਂ ਜਲ੍ਹਿਆਂਵਾਲੇ ਬਾਗ ਵਿਚ ਹਿੰਦੂ, ਸਿੱਖਾਂ, ਮੁਸਲਮਾਨਾਂ ਅਤੇ ਈਸਾਈਆਂ ਦਾ ਖੂਨ ਇਕ ਥਾਂ ਕਰ ਕੇ ਜਬਰ ਦਾ ਦਿਖਾਵਾ ਕੀਤਾ ਸੀ, ਪਰ ਇਸ ਤਰ੍ਹਾਂ ਦੇਸ਼ ਭਗਤੀ ਦੀ ਇਕ ਅਜਿਹੀ ਜੋਤ ਜਾਗੀ ਸੀ, ਜਿਸ ਨੇ ਫਿਰਕੂ ਹਨੇਰੇ ਵਿਚ ਸਦਾ ਲਈ ਚਾਨਣ ਦੀ ਜੋਤ ਪਰਜੁਅਲਤ ਕਰ ਦਿੱਤੀ।

ਵੈਸਾਖੀ ਦੇ ਦਿਨ ਹੀ ਔਰੰਗਜ਼ੇਬ ਦੇ ਫਿਰਕੂ ਜਬਰ ਦੇ ਰਾਜ ਦਾ ਅੰਤ ਕਰਨ ਲਈ ਪੰਜਾਬ ਦੀ ਧਰਤੀ ਉਪਰ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਦੀ ਸਾਜਣਾ ਕੀਤੀ।

ਅੱਜ ਵੈਸਾਖੀ ਦੀ ਤਿਰਕੁਟੀ ਭਾਵਨਾਂ ਉਪਰ ਇਕ ਜਬਰਦਸਤ ਹਮਲਾ, ਲੋਕ ਧਰੋਹੀ ਵੱਖਵਾਦੀ ਜਨੂੰਨੀ ਸ਼ਕਤੀਆਂ ਵਲੋਂ ਬੋਲਿਆ ਗਿਆ ਹੋਇਆ ਹੈ ਕਿ ਵੈਸਾਖੀ ਨਾਲ ਸੰਬੰਧਿਤ ਸਭਿਆਚਾਰਕ, ਦੇਸ਼ ਭਗਤਕ ਅਤੇ ਧਾਰਮਿਕ ਕਦਰਾਂ ਕੀਮਤਾਂ ਦਾ ਘੋਰ ਅਪਮਾਨ ਕੀਤਾ ਜਾ ਰਿਹਾ ਹੈ ਅਤੇ ਉਸ ਨੂੰ ਕੁਚਲਿਆ ਜਾ ਰਿਹਾ ਹੈ।

ਅੱਜ ਪੰਜਾਬ ਵਿਚ ਜਿਸ ਅਤੰਕ ਦਾ ਚੱਕਰ ਵੱਖਵਾਦੀਆਂ ਨੇ ਸਾਮਰਾਜੀਆਂ ਦੀ ਸ਼ਹਿ ਉਪਰ ਚਲਾਇਆ ਹੋਇਆ ਹੈ ਉਸ ਨੇ ਭੰਗੜੇ ਨੂੰ ਬੇਸੁਰ ਕਰ ਦਿੱਤਾ ਹੈ, ਦੇਸ਼ ਭਗਤੀ ਨੂੰ ਫਿਰਕੂ ਲੀਹਾਂ ਉਪਰ ਵੰਡਣ ਦਾ ਯਤਨ ਕੀਤਾ ਹੋਇਆ ਹੈ ਅਤੇ ਖਾਲਸਾ ਸਾਜਣ ਸਮੇਂ ਗਰੀਬਾਂ ਦੀ ਰਾਖੀ ਲਈ ਕੁਰਬਾਨੀ ਕਰਨ ਦੀ ਭਾਵਨਾ ਦੀ ਥਾਂ ਔਰੰਗਜ਼ੇਬੀ-ਜਲਾਦਾਂ ਦਾ ਰੂਪ ਧਾਰਨ ਕੀਤਾ ਹੋਇਆ ਹੈ। ਜਿੰਨ੍ਹਾਂ ਦੀ ਕੰਡ ਉਪਰ ਪਾਕਿਸਤਾਨੀਆਂ ਅਤੇ ਸਾਮਰਾਜੀਆਂ ਦਾ ਹੱਥ ਹੈ।

ਵੈਸਾਖੀ ਦੀਆਂ ਸੁੱਚੀਆਂ ਕਦਰਾਂ ਕੀਮਤਾਂ ਦੀ ਰਾਖੀ ਲਈ ਅੱਜ ਵੀ ਪੰਜਾਬ ਵਿਚ ਇਕ ਫੌਲਾਦੀ ਸ਼ਕਤੀ ਸਿਰ ਉਚਾ ਕਰਕੇ ਖੜ੍ਹੀ ਹੈ। ਇਹ ਸ਼ਕਤੀ ਹੈ ਕਮਿਊਨਿਸਟ ਪਾਰਟੀਆਂ ਦੇ ਲੱਖਾਂ ਮੈਂਬਰਾਂ, ਹਮਦਰਦਾਂ ਅਤੇ ਸ਼ੁਭਚਿੰਤਕਾਂ ਦੀ, ਜੋ ਇਨ੍ਹਾਂ ਜਲਾਦਾਂ ਦੀ ਖੂਨ ਦੀ ਪਿਆਸ ਬੁਝਾਉਣ ਲਈ ਕੁਰਬਾਨੀਆਂ ਦੇ ਕੇ, ਪੰਜਾਬ ਦੇ ਭੈ-ਭੀਤ ਲੋਕਾਂ ਨੂੰ ਹੌਂਸਲਾ ਦੇ ਰਹੇ ਹਨ।

ਜੇਕਰ ਇਸ ਮੌਤ ਦੇ ਤੂਫਾਨ ਵਿਚ ਕੋਈ ਅਡੋਲ ਅੱਗੇ ਵੱਧ ਰਿਹਾ ਹੈ ਉਹ ਨਾ ਅਕਾਲੀ ਹਨ, ਨਾ ਕਾਂਗਰਸੀ, ਨਾ ਭਾਰਤੀ ਜਨਤਾ ਪਾਰਟੀ ਆਦਿ ਤਾਂ ਉਹ ਹਨ, ਲਾਲ ਝੰਡੇ ਵਾਲੇ ਕਮਿਊਨਿਸਟ ਜਿੰਨ੍ਹਾਂ ਦੇ ਨਾਲ ਪੰਜਾਬ ਦੇ ਮਜ਼ਦੂਰ, ਗਰੀਬ ਕਿਸਾਨ, ਇਸਤਰੀਆਂ, ਵਿਦਿਆਰਥੀ, ਨੌਜੁਆਨ ਮੁਲਾਜ਼ਮਾਂ ਆਦਿ ਮਿਹਨਤ ਕਸ਼ ਬਹਾਦਰ ਲੋਕ ਹਨ।

ਅਸੀਂ ਵੈਸਾਖੀ ਦੇ ਇਸ ਮੌਕੇ ਉਪਰ ਦੇਸ਼ ਧਰੋਹੀਆਂ ਨਾਲ ਜੂਝ ਰਹੀਆਂ ਸ਼ਕਤੀਆਂ ਨੂੰ ਇਨਕਲਾਬੀ ਮੁਬਾਰਕਾਂ ਦਿੰਦੇ ਹਾਂ, ਇਨ੍ਹਾਂ ਨਾਲ ਜੂਝਦੇ ਹੋਏ ਸ਼ਹੀਦੀਆਂ ਪਾ ਗਏ ਸੂਰਮਿਆਂ ਦੀ ਯਾਦ ਵਿਚ ਜ਼ਿੰਦਾਬਾਦ ਕਹਿੰਦੇ ਹੋਏ ਸਿਰ ਨਿਵਾਉਂਦੇ ਹਾਂ ਅਤੇ ਦੇਸ਼ ਧਰੋਹੀਆਂ ਦੇ ਗੈਰ ਮਨੁੱਖੀ ਕਾਰਿਆਂ ਉਪਰ ਲੱਖਾਂ ਲਾਅਨਤਾਂ ਪਾਉਂਦੇ ਹਾਂ। ਬੇਗੁਨਾਹਾਂ ਦੇ ਆਏ ਦਿਨ ਦੇ ਕਤਲਾਂ ਉਪਰ ਡੂੰਘਾ ਸੋਗ ਪਰਗਟ ਕਰਦੇ ਹਾਂ।

ਅਸੀਂ ਆਸ ਕਰਦੇ ਹਾਂ ਕਿ ਇਸ ਸਾਲ ਦੀ ਸੋਗਵਾਰ ਵੈਸਾਖੀ ਨੂੰ ਅਸੀਂ ਅਗਲੇ ਸਾਲ ਤੱਕ ਖੁਸ਼ੀਆਂ ਵਾਲੀ ਵੈਸਾਖੀ ਦੇ ਰੂਪ ਵਿਚ ਦੇ ਸਕਾਂਗੇ। ਅਜਿਹਾ ਕਰਨ ਲਈ ਦੇਸ਼ ਅਤੇ ਬਦੇਸ਼ਾਂ ਵਿਚ ਰਹਿੰਦੇ ਭਾਰਤੀ ਇਨ੍ਹਾਂ ਦੇਸ਼ ਧਰੋਹੀ ਵੱਖਵਾਦੀਆਂ ਨੂੰ ਨਿਖੇੜ ਸਕਣਗੇ।

---

ਸਰਗਰਮ ਹੋ ਚੁਕੀਆਂ ਹਨ ਉਹ ਦੇਸ਼ ਦੀ ਵਰਤਮਾਨ ਸਥਿਤੀ ਬਾਰੇ ਆਪਣੀ ਜ਼ਿੰਮੇਂ-ਵਾਰੀ ਤੋਂ ਭੱਜ ਨਹੀਂ ਸਕਦਾ।

ਫੇਰ ਕੀ ਕੀਤਾ ਜਾਣਾ ਚਾਹੀਦਾ ਹੈ ? ਪੰਜਾਬ ਵਿਚ ਅਤੇ ਦੇਸ ਵਿਚ ਦੇਸ ਭਗਤ ਲੋਕਾਂ ਦੀ ਕੋਈ ਕਮੀ ਨਹੀਂ ਹੈ। ਕਾਂਗਰਸੀਆਂ ਨੂੰ ਇਸ ਗੱਲ ਤੇ ਸੋਚਣਾ ਚਾਹੀਦਾ ਹੈ ਕਿ 40 ਸਾਲਾਂ ਦੀ ਆਜ਼ਾਦੀ ਤੋਂ ਬਾਅਦ ਕੌਮੀ ਏਕਤਾ ਦਾ ਕੀ ਹਸ਼ਰ ਹੋ ਰਿਹਾ ਹੈ। ਅਪੋਜ਼ੀਸ਼ਨ ਪਾਰਟੀ ਨੂੰ ਵੀ ਆਪਣੀ ਜ਼ਿੰਮੇਵਾਰੀ ਤੋਂ ਬਚਣਾ ਨਹੀਂ ਚਾਹੀਦਾ ਅਤੇ ਇਨ੍ਹਾਂ ਸਮਸਿਆਵਾਂ ਨੂੰ ਸਿਰਫ ਰਾਜੀਵ ਗਾਂਧੀ ਦੀ ਸਿਰਦਰਦੀ ਨਹੀਂ ਸਮਝਣਾ ਚਾਹੀਦਾ। ਉਨਾਂ ਨੂੰ ਪਰੀ ਗੰਭੀਰਤਾ ਨਾਲ ਸਰਬ-ਹਿੰਦ ਮੁਹਿੰਮ ਚਲਾਉਣੀ ਚਾਹੀਦੀ ਹੈ ਜਿਸ ਦਾ ਨਿਸ਼ਾਨਾ ਜੋਧਪੁਰ ਦੇ ਨਜ਼ਰਬੰਦਾਂ ਦੀ ਰਿਹਾਈ, ਦਿੱਲੀ ਫਸਾਦਾਂ ਲਈ ਦੋਸ਼ੀ ਵਿਅਕਤੀਆਂ ਨੂੰ ਸਜ਼ਾ ਦੁਆਉਣਾ, ਪੰਜਾਬ ਸਮਝੌਤੇ 'ਤੇ ਅਮਲ, ਸਮੁੱਚੇ ਦੇਸ ਦੇ ਜਮਹੂਰੀ ਸਮਰਥਣ ਦੇ ਅਧਾਰ 'ਤੇ ਪੰਜਾਬ ਦੇ ਲੋਕਾਂ ਦੀਆਂ ਦੇਸ ਭਗਤਕ ਤੇ ਇਨਕਲਾਬੀ ਰਵਾਇਤਾਂ ਨੂੰ ਜਾਗਰਿਤ ਕਰਨਾ ਹੋਵੇ। ਉਨ੍ਹਾਂ ਨੂੰ ਅੱਤਵਾਦੀਆਂ ਵਿਰੁੱਧ ਲੜਨਾ, ਉਨ੍ਹਾਂ ਨੂੰ ਨਿਖੇੜਨਾ ਤੇ ਸਰਕਾਰ ਨੂੰ ਪੰਜਾਬ ਸਮਸਿਆ ਦਾ ਸਹੀ ਹੱਲ ਕਰਨ ਲਈ ਕੇਂਦਰ ਸਰਕਾਰ ਨੂੰ ਮਜਬੂਰ ਕਰਨਾ ਹੋਵੇਗਾ ਤਾਂਕਿ ਇਸ ਮਹੱਤਵਪੂਰਨ ਸਰ-


**BERNARD SIMPSON** & COMPANY

PRACTICE **RESTRICTED** TO
INJURIES SUFFERED DUE TO
**CAR ACCIDENTS (ICBC CLAIMS)**

ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ.
ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

HANDLING CAR ACCIDENTS FOR
OVER 15 YEARS

CONTINGENCY FEES AVAILABLE
(IF NO RECOVERY NO LEGAL FEE)
NO CHARGE FOR INITIAL
CONSULTATION
SITUATED IN THE AUTOMOBILE
ASSOCIATION BUILDING

**734-2272**

999 West Broadway, Vancouver, B.C. V5Z 1K5

# ਮਿ: ਵੈਂਡਰਜ਼ਾਮ ਸਨਮਾਨਤ!

ਸੂਫ਼ੀ ਅਮਰਜੀਤ

ਵੈਨਕੂਵਰ ਦੇ ਰੌਸ ਸਟਰੀਟ ਗੁਰਦੁਆਰੇ ਦੇ ਪ੍ਰਬੰਧਕਾਂ ਨੇ, ਬੀ ਸੀ ਦੇ ਸੋਕਰਡ ਪ੍ਰੀਮੀਅਰ ਮਿ: ਵੈਂਡਰਜ਼ਾਮ ਨੂੰ ਵੈਸਾਖੀ ਦਾ ਸਮਾਗਮ ਮਨਾਉਣ ਦੇ ਮੌਕੇ ਉਤੇ ਸਨਮਾਨਤ ਕੀਤਾ ਹੈ। ਪ੍ਰੀਮੀਅਰ ਨੂੰ ਵਰਲਡ ਸਿਖ ਔਰਗੇਨਾਈਜ਼ੇਸ਼ਨ (W.S.O.) ਦੇ ਲੀਡਰ ਸ੍ਰੀ ਗਿਆਨ ਸਿੰਘ ਸੰਧੂ ਹੱਥੋਂ ਸਰੋਪਾ ਭੇਂਟ ਕਰਵਾਇਆ ਗਿਆ।

ਸ੍ਰੀ ਸੰਧੂ ਉਨ੍ਹਾਂ ਤਿੰਨਾਂ ਵਿਚੋਂ ਇਕ ਸੰਸਥਾ ਦੇ ਆਗੂ ਹਨ ਜਿਨ੍ਹਾਂ ਬਾਰੇ ਕੈਨੇਡਾ ਦੇ ਬਦੇਸ਼ ਮੰਤਰੀ ਮਿ: ਜੋਅ ਕਲਾਰਕ ਨੇ ਇਕ ਪੱਤਰ ਲਿਖ ਕੇ, ਸੱਤ ਸੂਬਿਆਂ ਦੀਆਂ ਸਰਕਾਰਾਂ ਨੂੰ ਆਗਾਹ ਕੀਤਾ ਸੀ ਕਿ ਇਨ੍ਹਾਂ ਗਰੁੱਪਾਂ ਵਿਚ ਭਾਗ ਨਾ ਲੈਣ ਕਿਉਂਕਿ ਇਹ ਤਿੰਨੇ ਸੰਸਥਾਵਾਂ, ਭਾਰਤ ਦੇ ਪੰਜਾਬ ਰਾਜ ਵਿਚ ਵੱਖਵਾਦੀ ਖਾਲਿਸਤਾਨੀ ਲਹਿਰ ਨਾਲ ਸਿੱਧੇ ਜਾਂ ਅਸਿੱਧੇ ਤੌਰ ਉਪਰ ਸੰਬੰਧਿਤ ਹਨ।

ਪ੍ਰੀਮੀਅਰ ਵੈਂਡਰਜ਼ਾਮ ਨੂੰ ਸਰੋਪਾ ਗੁਰਦੁਆਰਾ ਕਮੇਟੀ ਨੇ ਦਿੱਤਾ ਹੈ ਅਤੇ ਪੇਸ਼ ਉਸ ਵਿਅਕਤੀ ਤੋਂ ਕਰਵਾਇਆ ਗਿਆ ਹੈ, ਜੋ ਤਿੰਨਾਂ ਵਿਚੋਂ ਇਕ ਦਾ ਆਗੂ ਹੈ। ਇਹ ਆਗੂ ਪ੍ਰੀਮੀਅਰ ਦੀ ਸੋਕਰਡ ਪਾਰਟੀ ਦਾ ਮੈਂਬਰ ਵੀ ਹੈ। ਸੋਕਰਡ ਪਾਰਟੀ ਬੀ ਸੀ ਦੀ ਹਾਕਮ ਪਾਰਟੀ ਹੈ। ਪਾਰਟੀ ਜਿਸ ਦੀਆਂ ਨੀਤੀਆਂ, ਬੀ ਸੀ ਦੇ ਸਮੁੱਚੇ ਮਿਹਨਤੀ ਲੋਕਾਂ ਦੇ ਹੱਕਾਂ ਉਪਰ ਲਗਾਤਾਰ ਕੁਹਾੜਾ ਚਲਾ ਰਹੀਆਂ ਹਨ

ਜਿਥੇ ਰੌਸ ਗੁਰਦੁਆਰੇ ਦੇ ਪ੍ਰਬੰਧਕਾਂ ਅਤੇ ਸੋਕਰਡ ਸਰਕਾਰ ਨੇ ਫੈਡਰਲ ਸਰਕਾਰ ਦੇ ਸੁਝਾਵਾਂ ਨੂੰ ਜਾਣ ਬੁਝ ਕੇ ਵੰਗਾਰਿਆ ਹੈ, ਜਿਸ ਦਾ ਨੋਟਿਸ ਲੈਣਾ ਜਾਂ ਨਾ ਲੈਣਾ ਤਾਂ ਫੈਡਰਲ ਸਰਕਾਰ ਦਾ ਕੰਮ ਹੈ, ਓਥੇ ਗੁਰਦੁਆਰਾ ਪ੍ਰਬੰਧਕਾਂ ਅਤੇ W.S.O. ਨੇ ਅਜਿਹਾ ਕਰਕੇ ਇਹ ਦਰਸਾਉਣ ਦਾ ਯਤਨ ਕੀਤਾ ਹੈ ਕਿ ਬੀ ਸੀ ਦੇ 'ਸਿੱਖ' ਸੋਕਰਡ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਸਮਰਥਨ ਕਰਦੇ ਹਨ। ਇਸ ਤਰ੍ਹਾਂ ਗੁਰਦੁਆਰੇ ਦੇ ਆਗੂਆਂ ਅਤੇ W.S.O. ਨੇ ਆਪਣੇ ਵਲੋਂ ਲੋਕ ਵਿਰੋਧੀ ਸੋਕਰਡ ਸਰਕਾਰ ਕੋਲ 'ਸਮੁੱਚੇ' ਭਾਈਚਾਰੇ ਨੂੰ ਵੇਚਣ ਦਾ ਯਤਨ ਕੀਤਾ ਹੈ।

ਕਿਸ ਨੇ, ਕਿਸ ਨੂੰ, ਕਦੋਂ ਕਿਸ ਮਨੋਰਥ ਲਈ ਸਨਮਾਨਤ ਕਰਨਾ ਹੈ, ਇਹ ਤਾਂ ਸੰਬੰਧਿਤ ਸੰਸਥਾ ਦਾ ਆਪਣਾ ਕੰਮ ਹੈ। ਪਰ ਸਨਮਾਨਤ ਕਰਨ ਦਾ ਕਾਰਨ ਹਮੇਸ਼ਾ ਉਸ ਵਿਅਕਤੀ ਵਲੋਂ, ਸਨਮਾਨਤ ਕਰਨ ਵਾਲੀ ਕਮਿਊਨਿਟੀ ਅਤੇ ਸਮੁੱਚੇ ਲੋਕਾਂ ਦੀ ਵਰਨਣ ਯੋਗ ਸੇਵਾ ਕੀਤੀ ਹੁੰਦੀ ਹੈ ਜਾਂ ਕੋਈ ਉਘਾ ਕੰਮ ਕੀਤਾ ਹੁੰਦਾ ਹੈ। ਮਿ: ਵੈਂਡਰ ਜ਼ਾਮ ਦੇ ਸੰਬੰਧ ਵਿਚ ਉਸ ਦੀਆਂ ਲੋਕਾਂ ਲਈ ਕਿਹੜੀਆਂ ਵਰਨਣਯੋਗ ਸੇਵਾਵਾਂ ਹਨ, ਉਨ੍ਹਾਂ ਬਾਰੇ ਲੋਕਾਂ ਨੂੰ ਦਸਣਾ ਗੁਰਦੁਆਰਾ ਪ੍ਰਬੰਧਕਾਂ ਲਈ ਜ਼ਰੂਰੀ ਸੀ। ਹਾਂ ਇਕ ਗੱਲ ਜ਼ਰੂਰ ਸਾਹਮਣੇ ਹੈ ਕਿ ਪ੍ਰੀਮੀਅਰ, ਫੈਡਰਲ ਸਰਕਾਰ ਦੇ ਬਦੇਸ਼ ਮੰਤਰੀ ਦੀ ਪ੍ਰਵਾਹ ਨਾ ਕਰਦਾ ਹੋਇਆ ਇਨ੍ਹਾਂ ਦੇ ਸਮਾਗਮ ਵਿਚ ਸ਼ਾਮਲ ਹੋਇਆ ਹੈ। ਕੀ ਉਸ ਨੂੰ ਸਨਮਾਨ ਕਰਨ ਲਈ ਇਹ ਹੀ ਕਾਫੀ ਸੀ?

ਏਸੇ ਲਈ ਸਾਡੀ ਨੁਕਤਾਚੀਨੀ ਦਾ ਬਿੰਦੂ ਤਾਂ ਸਿਰਫ ਇਹ ਹੈ ਕਿ ਵੈਨਕੂਵਰ ਏਰੀਏ ਦੇ ਵੱਖਵਾਦੀ ਤੱਤ ਮਿ: ਜੋਅ ਕਲਾਰਕ ਦੀ ਚਿੱਠੀ ਨੂੰ ਲੈ ਕੇ, ਸਿਖ ਭਾਈਚਾਰੇ ਦੀਆਂ ਫਿਰਕੂ ਭਾਵਨਾਵਾਂ ਨਾਲ ਖੇਲਦੇ ਹੋਏ, ਇਕ ਅਜਿਹੀ ਸਰਕਾਰ ਦੇ ਸਮਰਥਨ ਲਈ ਉਨ੍ਹਾਂ ਨੂੰ ਉਭਾਰ ਰਹੇ ਹਨ, ਜੋ ਸਰਕਾਰ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਬੀ ਸੀ ਦੇ ਲੋਕਾਂ ਦੇ ਹੱਕਾਂ ਉਪਰ ਹਮਲੇ ਕਰ ਰਹੀ ਹੈ।

ਬੀ ਸੀ ਦੀ ਸੋਕਰਡ ਸਰਕਾਰ ਨੇ ਜਿਸ ਦਾ ਹੁਣ ਪ੍ਰੀਮੀਅਰ ਮਿ: ਵੈਂਡਰਜ਼ਾਮ ਹੈ ਲੋਕਾਂ ਲਈ ਕੁਝ ਨਿਮਨ ਲਿਖਤ ਕਿਸਮ ਦੀਆਂ ਉਘੀਆਂ ਸੇਵਾਵਾਂ ਕੀਤੀਆਂ ਹਨ :

- ਲੋਕਾਂ ਨੂੰ ਬੇਰੁਜ਼ਗਾਰੀ ਦੇ ਮੂੰਹ ਸੁੱਟਣ ਲਈ ਅਮਰੀਕਾ ਦੇ ਨਾਲ ਫਰੀ-ਟਰੇਡ ਦਾ ਸਮਰਥਕ ਹੈ।
- ਬੀ ਸੀ ਵਿਚ ਟਰੇਡ ਯੂਨੀਅਨਾਂ ਨੂੰ ਕੁਚਲਣ ਲਈ ਬਿੱਲ-19 ਅਤੇ ਬਿਲ-20 ਨੂੰ ਕਾਨੂੰਨ ਬਣਾ ਦਿੱਤਾ ਹੈ।
- ਬੀ ਸੀ ਦੇ ਲੋਕਾਂ ਦੇ ਟੈਕਸਾਂ ਦੇ ਅਰਬਾਂ-ਖਰਬਾਂ ਡਾਲਰਾਂ ਦੀ ਲਾਗਤ ਨਾਲ ਉਸਾਰੇ ਅਦਾਰਿਆਂ ਨੂੰ ਪ੍ਰਾਈਵੇਟ ਕਰਨਾ ਚਾਹੁੰਦਾ ਹੈ, ਜਿਸ ਨਾਲ ਲੋਕਾਂ ਨੂੰ ਮਿਲ ਰਹੀਆਂ ਸਹੂਲਤਾਂ ਵਿਚ ਭਾਰੀ ਕਟੌਤੀਆਂ ਹੋਣੀਆਂ ਲਾਜ਼ਮੀ ਹਨ ਅਤੇ ਉਹ ਸੇਵਾਵਾਂ ਲਈ ਲੋਕਾਂ ਨੂੰ ਵੱਡੇ ਖਰਚ ਕੋਲੋਂ ਕਰਨੇ ਪੈਣਗੇ।
- ਹਸਪਤਾਲਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਵੇਚਣਾ ਚਾਹੁੰਦਾ ਹੈ।
- ਮੈਡੀਕਲ ਪਲੈਨ ਦੀਆਂ ਦਰਾਂ ਵਿਚ 16 ਡਾਲਰ ਮਹੀਨੇ ਤੱਕ ਦਾ ਵਾਧਾ ਕਰ ਦਿੱਤਾ ਗਿਆ ਹੈ
- ਇਸਤਰੀਆਂ ਦੇ ਗਰਭਪਾਤ ਦੇ ਹੱਕਾਂ ਨੂੰ ਕੁਚਲਣਾ ਚਾਹੁੰਦਾ ਹੈ।
- ਬੁਢਿਆਂ ਨੂੰ ਮਿਲ ਰਹੀਆਂ ਸਹੂਲਤਾਂ ਵਿਚ ਭਾਰੀ ਕਟੌਤੀ ਕਰਕੇ, ਉਨ੍ਹਾਂ ਨੂੰ ਦੁਆਈਆਂ ਦੇ ਖਰਚ ਦਾ ਇਕ ਹਿਸਾ ਦੇਣਾ ਪੈਂਦਾ ਹੈ
- ਦਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਨਾਲ ਵਪਾਰਕ ਸੰਬੰਧ ਪੈਦਾ ਕਰਨੇ ਚਾਹੁੰਦਾ ਹੈ।
- ਸਕੂਲਾਂ ਨੂੰ ਪ੍ਰਾਈਵੇਟ ਕਰਕੇ, ਬੱਚਿਆਂ ਦੀ ਪੜ੍ਹਾਈ ਦਾ ਭੱਠਾ ਬੈਠਾਉਣਾ ਚਾਹੁੰਦਾ ਹੈ। ਪੜ੍ਹਾਈ ਮਹਿੰਗੀ ਹੋਣ ਦੇ ਨਾਲ ਸਿਰਫ ਖਰਚ ਕਰ ਸਕਣ ਵਾਲੇ ਅਮੀਰਾਂ ਲਈ ਹੀ ਰਹਿ ਜਾਵੇਗੀ।
- ਯੂਨੀਵਰਸਿਟੀ ਫੀਸਾਂ ਵਿਚ ਭਾਰੀ ਵਾਧਾ ਕਰ ਦਿੱਤਾ ਗਿਆ ਹੈ। ਉਨ੍ਹਾਂ ਦੀਆਂ ਗਰਾਂਟਾਂ ਘਟਾ ਦਿੱਤੀਆਂ ਗਈਆਂ ਹਨ।
- ਕਾਰਾਂ ਦੇ ਇੰਸ਼ੂਰੈਂਸ ਵਿਚ 22 ਫੀਸਦੀ ਦਾ ਵਾਧਾ ਕਰ ਦਿੱਤਾ ਗਿਆ ਹੈ।

ਬਾਕੀ ਸਫ਼ਾ 27 ਉਤੇ

**ASHOKA TRADING CO.** LTD.

*6621 MAIN STREET, VANCOUVER. B.C.*

**324-7521**

• ਕਢਾਈ ਵਾਲੀਆਂ ਅਤੇ ਸਿਲਕ ਦੀਆਂ ਵਧੀਆ ਸਾੜ੍ਹੀਆਂ ਭਾਰਤ ਤੋਂ ਅਤੇ ਪ੍ਰਿੰਟਿਡ ਅਤੇ ਪਲੇਨ ਸਾੜ੍ਹੀਆਂ ਜਾਪਾਨ ਤੋਂ ਸਿੱਧੀਆਂ ਮੰਗਵਾਈਆਂ ਜਾਂਦੀਆਂ ਹਨ। **ਕੇਵਲ ਹੋਲ ਸੇਲ ਤੇ ਖ੍ਰੀਦਣ ਲਈ ਫੂਨ ਕਰੋ**

INDIAN SILK SAREES & SUITS
JAPANEEESE SUITS & SAREES
COSTUME JEWELLERY

**WAREHOUSE ADDRESS:**
# 102 - 8185 MAIN ST., VANCOUVER. B.C.
**TEL: (604) 321 - 4506**

*WORLD WIDE IMPORTS IN FABRICS, SAREES & JEWELLERY WHOLESALE & RETAIL*

**WELL DISPLAYED & MOST DECORATED STORE IN TOWN**



# ਭਾਰਤ ਬੰਦ ਦੀ ਸਫਲਤਾ

## ਲੋਕਾਂ ਵੱਲੋਂ ਰਾਜੀਵ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਜ਼ਬਰਦਸਤ ਰੋਸ

ਜਲੰਧਰ, 15 ਮਾਰਚ (ਲ.ਸ)— ਸਮੁਚੇ ਪੰਜਾਬ ਵਿਚ ਭਾਰਤ ਬੰਦ ਨੂੰ ਭਾਰੀ ਹੁੰਗਾਰਾ ਮਿਲਿਆ ਹੈ ਅਤੇ ਹਰ ਵਰਗ ਦੇ ਲੋਕਾਂ ਨੇ ਬੰਦ ਵਿਚ ਵਡੇ ਪਧਰ ਤੇ ਸ਼ਮੂਲੀਅਤ ਕਰਕੇ ਰਾਜੀਵ ਸਰਕਾਰ (ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਆਪਣੇ ਸਖਤ ਰੋਸ ਦਾ ਪਰਗਟਾਵਾ ਕੀਤਾ ਹੈ। ਸਮੂਹ ਕਸਬਿਆਂ ਵਿਚ ਜਨਜੀਵਨ ਮੁਕੰਮਲ ਤੌਰ ਤੇ ਠੱਪ ਰਿਹਾ। ਵਡੇ ਸ਼ਹਿਰਾਂ ਵਿਚ ਵੀ ਹੁੰਗਾਰਾ ਬਹੁਤ ਚੰਗਾ ਸੀ।ਜਲੰਧਰ.ਅੰਮ੍ਰਿਤਸਰ, ਲੁਧਿਆਣਾ, ਪਟਿਆਲਾ, ਸੰਗਰੂਰ ਅਤੇ ਹੁਸ਼ਿਆਰਪੁਰ ਆਦਿ ਸ਼ਹਿਰਾਂ ਵਿਚ ਲਗਭਗ ਮੁਕੰਮਲ ਬੰਦ ਰਿਹਾ। ਸਮੂਹ ਬੈਂਕ ਤੇ ਨਿਜੀ ਕਾਰੋਬਾਰੀ ਅਦਾਰਿਆਂ ਵਿਚ ਕੋਈ ਕੰਮ ਕਾਜ ਨਹੀਂ ਹੋਇਆ। ਪ੍ਰਾਂਤ ਭਰ ਵਿਚ ਬਸ ਸੇਵਾਵਾਂ ਠੱਪ ਹੀ ਰਹੀਆਂ। ਅਧਿਕਾਰੀਆ ਨੇ ਕੁਝ ਥਾਂਵਾਂ ਤੇ ਦਿਖਾਵੇ ਮਾਤਰ ਕੁਝ ਇਕ ਬੱਸਾਂ ਚਲਾਉਣ ਦੀ ਕੋਸ਼ਿਸ਼ ਕੀਤੀ, ਐਪਰ ਇਹਨਾਂ ਵਿਚ ਸਫਰ ਕਰਨ ਵਾਲਾ ਮੁਸਾਫਰ ਕੋਈ ਨਹੀਂ ਸੀ ਅਤੇ ਟਿਕਟਾਂ ਦੀ ਬੁਕਿੰਗ ਲਗਭਗ ਕੋਈ ਨਹੀਂ ਸੀ। ਸਨਅਤੀ ਮਜ਼ਦੂਰਾਂ ਨੇ ਵੀ ਸਨਅਤੀ ਕੇਂਦਰਾਂ ਵਿਚ ਬੰਦ ਵਿਚ ਵਧ ਚੜਕੇ ਭਾਗ ਲਿਆ। ਉਹਨਾਂ ਆਪਣਾ ਕੰਮ ਬੰਦ ਕਰਕੇ ਜਲਸੇ ਅਤੇ ਰੈਲੀਆਂ ਕੀਤੀਆਂ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਵੀ ਥਾਂ ਥਾਂ ਜਨਤਕ ਰੈਲੀਆਂ ਕੀਤੀਆਂ ਅਤੇ ਕਈ ਥਾਵਾਂ ਉਤੇ ਟਰੈਫਿਕ ਜਾਮ ਵੀ ਕੀਤਾ। ਜੀਵਨ ਬੀਮਾਂ ਨਿਗਮ ਬੈਂਕ ਮੁਲਾਜ਼ਮ ਅਤੇ ਬਿਜਲੀ ਮੁਲਾਜ਼ਮ ਵੀ ਮੁਕੰਮਲ ਹੜਤਾਲਾਂ ਕਰਕੇ ਬੰਦਰੈਲੀਆਂ ਵਿਚ ਵਧ ਚੜਕੇ ਸ਼ਾਮਲ ਹੋਏ।

ਭਾਰਤ ਬੰਦ ਦਾ ਸੱਦਾ 9 ਖੱਬੀਆਂ ਤੇ ਧਰਮਨਿਰਪੱਖ ਅਪੋਜ਼ੀਸ਼ਨ ਪਾਰਟੀਆਂ —ਸੀ. ਪੀ. ਆਈ (ਐਮ), ਸੀ. ਪੀ. ਆਈ, ਜਨ ਮੋਰਚਾ, ਜਨਤਾ, ਲੋਕ ਦਲ. ਕਾਂਗਰਸ (ਐਸ), ਫਾਰਵਰਡ ਬਲਾਕ ਅਤੇ ਆਰ. ਐਸ. ਪੀ ਨੇ ਸਾਂਝੇ ਤੌਰ ਤੇ ਲੋਕਾਂ ਦੇ ਭਿੰਨ ਭਿੰਨ ਭਾਗਾਂ ਦੇ ਭਖਦੇ ਮਸਲਿਆਂ, ਰਾਜੀਵ ਦੇ ਅਸਤੀਫੇ ਅਤੇ ਲੋਕ ਸਭਾ ਦੀਆਂ ਮਧ ਕਾਲੀ ਚੋਣਾਂ ਲਈ ਦਿਤਾ ਸੀ। ਇਸ ਬੰਦ ਦੇ ਸਦੇ ਦੇ ਪਿਛੋਂ ਲੋਕ ਦਲ (ਬ), ਅਕਾਲੀ ਦਲ (ਲ) ਅਤੇ ਯੂ. ਏ. ਡੀ ਦੇ ਆਗੂ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਹਮਾਇਤ ਕਰ ਦਿਤੀ ਸੀ। ਪੰਜਾਬ ਵਿਚ ਭਾਰਤ ਬੰਦ ਦੀ ਤਿਆਰੀ ਕਮੇਟੀ ਨੇ ਜਿਸ ਵਿਚ ਸੀ. ਪੀ. ਆਈ (ਐਮ). ਸੀ. ਪੀ. ਆਈ, ਜਨਤਾ ਅਤੇ ਆਰ. ਪੀ ਆਈ ਸ਼ਾਮਲ ਹਨ—ਇਹਨਾਂ ਮੰਗਾਂ ਵਿਚ ਕੇਂਦਰ ਤੇ ਪੰਜਾਬ ਦੇ ਲਮਕਦੇ ਮਸਲੇ ਦੇ ਰਾਜਨੀਤਕ ਹਲ ਲਈ ਦਬਾਅ ਪਾਉਣ ਦੀ ਮੰਗ ਵੀ ਸ਼ਾਮਲ ਕੀਤੀ ਹੈ ਤਾਂ ਜੋ ਪੰਜਾਬ ਵਿਚ ਅਮਨ ਸ਼ਾਂਤੀ ਬਹਾਲ ਕੀਤੀ ਜਾ ਸਕੇ, ਵਖਵਾਦੀ-ਅੱਤਵਾਦੀ ਨਿਖੇੜੇ ਜਾ ਸਕਣ ਅਤੇ ਦੇਸ਼ ਨੂੰ ਅਸਥਿਰ ਕਰਨ ਦੀ ਸਾਮਰਾਜੀ ਚਾਲ ਫੇਲ ਕੀਤੀ ਜਾ ਸਕੇ।

ਬਾਵਜੂਦ ਇਸ ਤੱਥ ਦੇ ਕਿ ਬੰਦ ਅਯੋਜਤ ਕਰਨ ਵਾਲੀਆਂ ਪਾਰਟੀਆਂ ਦੇ ਵਰਕਰ ਮੁਕੰਮਲ ਤੌਰ 'ਤੇ ਪੁਰਅਮਨ ਸਨ ਫਿਰ ਵੀ ਹੁਸ਼ਿਆਰਪੁਰ, ਫਿਲੌਰ, ਮਲੋਟ, ਜਮਸ਼ੇਰ, ਬਠਿੰਡੇ ਪੁਲਸ ਨੇ ਬਿਨਾਂ ਭੜਕਾਹਟ ਦੇ ਲਾਠੀਚਾਰਜ ਕਰਕੇ ਕਈ ਵਰਕਰ ਜ਼ਖਮੀ ਕਰ ਦਿਤੇ ਜਿਹਨਾਂ'ਚ ਦੋ ਸਾਥੀ ਗੰਭੀਰ ਹਾਲਤ 'ਚ ਹਨ।ਪਠਾਨਕੋਟ, ਮੁਕੇਰੀਆਂ, ਫਗਵਾੜਾ, ਫਿਲੌਰ ਚੰਡੀਗੜ੍ਹ, ਧਰਮਕੋਟ ਗੜ੍ਹਦੀਵਾਲਾ, ਬਡਬਰ, ਮਹਿਲਕਲਾਂ, ਹੁਸ਼ਿਆਰਪੁਰ, ਰਾਮਪੁਰਾ ਫੂਲ, ਜੰਡਿਆਲੇ, ਮਲੋਟ, ਜ਼ੀਰਾ ਆਦਿ ਥਾਵਾਂ'ਤੇ 1245 ਦੇ ਕਰੀਬ ਕਾਰਕੁੰਨ ਗ੍ਰਿਫਤਾਰ ਕਰ ਲਏ ਹਨ।

ਜ਼ਿਲਾ ਅਤੇ ਸਬ ਡਵੀਜ਼ਨ ਪੱਧਰਾਂ 'ਤੇ ਜਨਤਕ ਰੈਲੀਆਂ ਨੂੰ ਹੋਰਨਾਂ ਤੋਂ ਇਲਾਵਾ ਸੀ.ਪੀ.ਆਈ (ਐਮ) ਦੇ ਸਰਵ ਸਾਥੀ ਗੁਰਚਰਨ ਸਿੰਘ ਰੰਧਾਵਾ, ਐਕਟਿੰਗ ਸਕੱਤਰ, ਸਕਤਰੇਤ ਮੈਂਬਰਾਂ ਸਰਵ ਸਾਥੀ ਮੰਗਤ ਰਾਮ ਪਾਸਲਾ, ਦਲੀਪ ਸਿੰਘ ਜੌਹਲ, ਮੋਹਨ ਸਿੰਘ ਜੰਡਿਆਲਾ ਅਤੇ ਬਲਵੰਤ ਸਿੰਘ, ਸੀ.ਪੀ.ਆਈ. ਦੇ ਸਾਥੀ ਪਿਆਰਾ ਸਿੰਘ ਦਿਓਸੀ ਸੂਬਾ ਸਕੱਤਰ ਅਤੇ ਸਾਥੀ ਜੋਗਿੰਦਰ ਭਸੀਨ ਸਹਾਇਕ ਸੂਬਾ ਸਕਤਰ, ਜਨਤਾ ਪਾਰਟੀ ਦੇ ਸਰਵ ਸ੍ਰੀ ਗਿਆਨ ਚੰਦ ਅਤੇ ਤੇਜਾ ਸਿੰਘ ਟਿਵਾਣਾ ਅਤੇ ਆਰ.ਪੀ.ਆਈ. ਦੇ ਸ੍ਰੀ ਹਜਾਰਾ ਰਾਮ ਬੋਧੀ ਨੇ ਸੰਬੋਧਨ ਕੀਤਾ।

ਬੁਲਾਰਿਆਂ ਨੇ ਰਾਜੀਵ ਸਰਕਾਰ 'ਤੇ ਇਸ ਦੀ ਜਮਹੂਰੀ ਅਧਿਕਾਰਾਂ ਨੂੰ ਕੁਚਲਣ ਲਈ ਏਕਾ ਅਧਿਕਾਰਵਾਦੀ ਹੋੜ, ਆਪਣੇ ਆਪ ਨੂੰ ਹੋਰ ਅਤਿ ਜਾਬਰ ਸ਼ਕਤੀਆਂ ਨਾਲ ਲੈਸ ਹੋਣ ਵਾਸਤੇ ਪੰਜਾਬ ਵਿਚ ਐਮਰਜੈਂਸੀ ਲਾਉਣ ਲਈ ਸੰਵਿਧਾਨ 'ਚ ਸੋਧ ਬਿਲ ਲਿਆਉਣ, ਲੋਕਾਂ ਉਪਰ ਕੀਮਤਾਂ ਵਿਚ ਵਾਧੇ ਅਤੇ ਘਾਟੇ ਦੀ ਵਿਤ ਵਿਵਸਥਾ ਰਾਹੀਂ ਅਸਹਿ ਬੋਝ ਲੱਦਣ ਅਤੇ ਨਾਲ ਹੀ ਵੱਖਵਾਦੀ ਅੱਤਵਾਦੀਆਂ ਨੂੰ ਇਸ ਵਲੋਂ ਪਤਿਆਉਣ ਦੀਆਂ ਨੀਤੀਆਂ ਲਈ, ਜਿਹੜੀਆਂ ਕਿ ਭਾਰਤ ਦੀ ਏਕਤਾ ਤੇ ਅਖੰਡਤਾ ਨੂੰ ਖਤਰਾ ਪੈਦਾ ਕਰ ਰਹੀਆਂ ਹਨ ਸਖਤ ਅਲੋਚਨਾ ਕੀਤੀ। ਬੁਲਾਰਿਆਂ ਨੇ ਅਗੇ ਕਿਹਾ ਕਿ ਰਾਜੀਵ ਸਰਕਾਰ ਆਪਣਾ ਫਤਵਾ ਗੁਆ ਚੁਕੀ ਹੈ ਅਤੇ ਇਹ ਅਸਤੀਫਾ ਦੇਵੇ। ਲੋਕਾਂ ਅਤੇ ਦੇਸ਼ ਦੇ ਹਿਤ ਇਹ ਮੰਗ ਕਰਦੇ ਹਨ ਕਿ ਰਾਜੀਵ ਸਰਕਾਰ ਖਤਮ ਹੋਵੇ। ਉਹਨਾਂ ਨੇ ਲੋਕਾਂ ਨੂੰ ਹੋਕਾ ਦਿਤਾ ਕਿ ਆਪਣੀ ਲੜਾਕੂ ਏਕਤਾ ਨੂੰ ਹੋਰ ਮਜ਼ਬੂਤ ਕਰਨ ਤਾਂ ਜੋ ਰਾਜੀਵ ਸਰਕਾਰ ਹੋਸ਼ ਵਿਚ ਆਉਣ ਲਈ ਮਜ਼ਬੂਰ ਕੀਤਾ ਜਾ ਸਕੇ ਅਤੇ ਨਾਲ ਹੀ ਪੰਜਾਬ ਸਮਸਿਆ ਦਾ ਫੌਰੀ ਰਾਜਨੀਤਕ ਹੱਲ ਕਰਨ ਵਾਸਤੇ ਮਜ਼ਬੂਰ ਕੀਤਾ ਜਾਵੇ। ਲੋਕਾਂ ਨੇ ਜਿਹੜੇ ਕਿ ਕਾਂਗਰਸ (ਆਈ) ਹਾਕਮਾਂ ਦੀਆਂ ਨੀਤੀਆਂ ਤੋਂ ਬਹੁਤ ਤੰਗ ਹਨ ਅਤੇ ਉਸ ਵਿਰੁਧ ਰੋਹ 'ਚ ਹਨ ਰੇਡੀਓ ਤੇ ਟੀ.ਵੀ. ਦੇ ਗੁੰਮਰਾਹਕੁੰਨ ਪ੍ਰਚਾਰ ਦਾ ਮੂੰਹ ਭੰਨ ਦਿਤਾ ਹੈ।

ਹਰ ਵਰਗ ਦੇ ਲੋਕਾਂ ਨੇ ਰੈਲੀਆਂ ਤੇ ਮੁਜ਼ਾਹਰਿਆਂ ਵਿਚ ਹੇਠ ਲਿਖੇ ਅਸਮਾਨ ਗੂੰਜਾਊ ਨਾਹਰੇ ਬੁਲੰਦ ਕੀਤੇ—ਅਜ ਭਾਰਤ ਵਿਚ ਕੀ ਹੈ, ਮੁਕੰਮਲ ਬੰਦ, ਰਾਜੀਵ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਮੁਰਦਾਬਾਦ, ਰਾਜੀਵ ਸਰਕਾਰ ਮੁਰਦਾਬਾਦ, ਰਾਜੀਵ ਅਸਤੀਫਾ ਦੇਵੇ, ਹਿੰਦੂ ਸਿੱਖ ਏਕਤਾ ਜਿੰਦਾਬਾਦ, ਪੰਜਾਬ ਮਸਲੇ ਦਾ ਰਾਜਸੀ ਹੱਲ ਕਰੋ, ਲੋਕਾਂ ਦਾ ਏਕਾ ਜਿੰਦਾਬਾਦ।

ਇਸੇ ਦੌਰਾਨ ਭਾਰਤ ਬੰਦ ਲਈ ਪੰਜਾਬ ਮੁਹਿੰਮ ਕਮੇਟੀ ਦੇ ਦੋ ਕਨਵੀਨਰਾਂ ਸਰਵ ਸਾਥੀ ਗੁਰਚਰਨ ਸਿੰਘ ਰੰਧਾਵਾ ਐਕਟਿੰਗ ਸਕੱਤਰ ਅਤੇ ਪਿਆਰਾ ਸਿੰਘ ਦਿਓਸੀ ਸੂਬਾ ਸਕਤਰ ਸੀ. ਪੀ. ਆਈ ਨੇ ਇਕ ਸਾਂਝੇ ਬਿਆਨ 'ਚ ਕਿਹਾ ਹੈ ਕਿ ਭਾਰਤ ਬੰਦ ਦੇ ਸੱਦੇ ਨੂੰ ਪੰਜਾਬ ਭਰ 'ਚ ਸ਼ਾਨਦਾਰ ਹੁੰਗਾਰਾ ਮਿਲਿਆ ਹੈ ਅਤੇ ਲੋਕਾਂ ਨੇ ਸਵੈ-ਇੱਛਤ ਤੌਰ 'ਤੇ ਮੁਕੰਮਲ ਬੰਦ ਕੀਤਾ ਹੈ। ਦੋਹਾਂ ਆਗੂਆਂ ਨੇ ਪੰਜਾਬ ਦੇ ਬਹਾਦਰ ਲੋਕਾਂ ਨੂੰ ਬੰਦ ਦੀ ਭਾਰੀ ਸਫਲਤਾ ਲਈ



ਵਧਾਈ ਦਿਤੀ ਹੈ ਜਿਨਾਂ ਨੇ ਕਿ ਸਰਕਾਰ ਦੇ ਗੁਮਰਾਹਕੁੰਨ ਪ੍ਰਚਾਰ ਅਤੇ ਜਾਬਰ ਹਥਕੰਡਿਆਂ, ਧਮਕੀਆਂ ਆਦਿ ਪਰਵਾਹ ਨਾ ਕਰਦੇ ਹੋਏ ਇਹਨਾਂ ਦੀਆਂ ਧੱਜੀਆਂ ਉੜਾਦੀਆਂ ਹਨ।

## ਜਲੰਧਰ ਸ਼ਹਿਰ ਵਿਚ ਉਤਸ਼ਾਹਜਨਕ ਹੁੰਗਾਰਾ

ਜਲੰਧਰ—ਸਮੁਚੇ ਜ਼ਿਲੇ ਵਿਚ ਬੰਦ ਦੇ ਸੱਦੇ ਨੂੰ ਬਹੁਤ ਭਰਵਾਂ ਹੁੰਗਾਰਾ ਮਿਲਿਆ ਹੈ। ਜ਼ਿਲੇ ਦੇ ਕਸਬੇ ਨਕੋਦਰ, ਫਿਲੌਰ, ਗੋਰਾਇਆਂ, ਨੂਰਮਹਿਲ, ਰੁੜਕਾਜੰਡਿਆਲਾ, ਬੰਡਾਲਾ, ਨਵਾਂ ਸ਼ਹਿਰ ਆਦਿ ਤਾਂਪੂਰੇ ਬੰਦ ਰਹੇ ਹੀ ਹਨ, ਜਲੰਧਰ ਸ਼ਹਿਰ ਵੀ ਲਗਭਗ ਮੁਕੰਮਲ ਬੰਦ ਰਿਹਾ। ਸ਼ਹਿਰ ਦੇਲੋਕਾਂ ਨੇ ਬਹੁਤ ਉਤਸ਼ਾਹ ਜਨਕ ਸਹਿਯੋਗ ਦਿਤਾ ਹੈ। ਸਾਰੀਆਂ ਦੁਕਾਨਾਂ ਤੇ ਕਾਰੋਬਾਰੀ ਅਦਾਰੇ ਬੰਦ ਰਹੇ। ਜੀਵਨ ਬੀਮਾ ਨਿਗਮ ਜਨਰਲ ਬੀਮਾ ਨਿਗਮ ਬੈਂਕਾਂ ਬਿਜਲੀ ਬੋਰਡ ਦੇ ਕਾਮਿਆਂ, ਦੂਸਰੇ ਵਿਭਾਗਾਂ ਦੇ ਮੁਲਾਜ਼ਮ ਅਤੇ ਸਨਅਤੀ ਮਜ਼ਦੂਰਾਂ ਨੇ ਹੜਤਾਲਾਂ ਕਰਕੇ ਜਲੂਸ ਕਢੇ ਅਤੇ ਉਹ ਕੰਪਨੀ ਬਾਗ ਵਿਚ ਸਾਂਝੀ ਰੈਲੀ ਵਿਚ ਇਕਠੇ ਹੋਏ। ਰੈਲੀ ਦੀ ਪ੍ਰਧਾਨਗੀ ਸਰਵ ਸ੍ਰੀ ਕਰਿਸ਼ਨ ਲਾਲ (ਬੈਂਕ) ਏ. ਕੇ ਲਖਵਾਰਾ (ਐਲ. ਆਈ. ਸੀ), ਗੁਰਮੀਤਸਿੰਘ ਢੱਡਾ (ਟੀਚਰ), ਅਤੇ ਹਰਦਿਆਲ ਸਿੰਘ (ਪ. ਸ. ਸ. ਫ) ਤੇ ਅਧਾਰਤ ਪ੍ਰਧਾਨਗੀ ਮੰਡਲ ਮੰਡਲ ਨੇ ਕੀਤੀ। ਰੈਲੀ ਤੋਂ ਰਿਨਾਂ ਸਰਵ ਸਾਥੀਗੁਰਚਰਨਸਿੰਘ ਰੰਧਾਵਾਸੀਨੀਅਰ ਮੀਤਪ੍ਰਧਾਨ ਪੰਜਾਬ ਕਿਸਾਨ ਸਭਾਅਤੇ ਐਕਟਿੰਗ ਸਕੱਤਰ ਪੰਜਾਬਰਾਜ ਕਮੇਟੀ ਸੀ. ਪੀ. ਆਈ (ਐਮ), ਪਿਆਰਾ ਸਿੰਘ ਦਿਉਸੀ ਸੂਬਾ ਸਕੱਤਰ ਸੀ. ਪੀ. ਆਈ, ਪਰਮਜੀਤ ਸਿੰਘ ਗਾਂਧਰੀ ਜ਼ਿਲਾ ਪ੍ਰਧਾਨ ਗੌਰਮਿੰਟ ਟੀਚਰਜ਼ ਯੂਨੀਅਨ, ਅਮਰਿਤ ਲਾਲ ਸਕੱਤਰ ਟੀ. ਯੂ. ਕੌਂਸਲ, ਐਸ. ਐਸ. ਕੂਨਰ ਜੀਵਨ ਬੀਮਾ ਨਿਗਮ ਆਗੂ, ਮਾਸਟਰ ਭਗਤ ਰਾਮ ਸਾਬਕਾ ਐਮ. ਪੀ ਜਨਰਲ ਸਕੱਤਰ ਪੰਜਾਬ ਖੇਤ ਮਜ਼ਦੂਰ ਯੂਨੀਅਨ, ਡਾਕਟਰ ਜੋਗਿੰਦਰ ਦਿਆਲ ਸਕੱਤਰ ਕਿਸਾਨ ਸਭਾ. ਹਜ਼ਾਰਾ ਰਾਮ ਬੋਧੀ ਆਰ. ਪੀ. ਆਈ ਅਤੇ ਸਰਵ ਸ੍ਰੀਗਿਆਨ ਚੰਦ ਅਤੇ ਹਰਭਜਨ ਸਿੰਘ ਜਨਤਾ ਪਾਰਟੀ ਆਦਿ ਨੇ ਸੰਬੋਧਨ ਕੀਤਾ।

ਪਹਿਲਾਂ ਬਿਜਲੀ ਮੁਲਾਜ਼ਮਾਂ ਦੀ ਰੈਲੀ ਨੂੰ ਸਾਥੀ ਐਚ.ਐਸ. ਮਿਨਹਾਸ ਨੇ ਅਤੇ ਰੋਡਵੇਜ਼ ਮੁਲਾਜ਼ਮ ਰੈਲੀ ਨੂੰ ਸਾਥੀ ਅਮਰ ਸਿੰਘ ਬਾਈ ਨੇ ਸੰਬੋਧਨ ਕੀਤਾ।

## ਰੰਧਾਵਾ ਦੀ ਤਕਰੀਰ

ਸਾਥੀ ਗੁਰਚਰਨ ਸਿੰਘ ਰੰਧਾਵਾ ਨੇ ਕਿਹਾ ਕਿ ਨਿਸਚੇ ਹੀ ਪੰਜਾਬ ਵਿਚ ਬੰਦ ਨੂੰ ਵਿਸ਼ਾਲ ਹੁੰਗਾਰਾ ਮਿਲਿਆ ਹੈ ਜੋ ਕਿ ਬੰਦ ਦਾ ਸੱਦਾ ਦੇਣ ਵਾਲੀਆਂ ਪਾਰਟੀਆਂ ਦੀ ਆਸ ਤੋਂ ਵੀ ਕਿਤੇ ਵਧੇਰੇ ਹੈ।

ਉਹਨਾਂ ਕਿਹਾ ਕਿ ਕੇਂਦਰ ਵਿਚ ਵੀ ਬੰਗਾਲ ਤੇ ਕੇਰਲਾ ਵਰਗੀ ਖੱਬੀ ਜਮਹੂਰੀ ਤੇ ਸਹੀ ਮਹਿਨਿਆਂ ਵਿਚ ਇਕ ਸੈਕੂਲਰ ਸਰਕਾਰ ਬਣਾਏ ਜਾਣ ਦੀ ਅਜ ਤੀਬਰ ਲੋੜ ਹੈ ਜੋ ਕਿ ਅਵਾਮ ਦੇ ਮਸਲੇ ਹਲ ਕਰ ਸਕੇ।

ਪੰਜਾਬ ਦੀ ਹਾਲਤ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਕੇਂਦਰਦੀਆਂ ਸਿਆਸੀ ਲਾਹਾ ਲੈਣ ਦੀਆਂ ਪਾਲਸੀਆਂ ਦਾ ਸਦਕਾ ਅਜ ਪੰਜਾਬ ਬੁਚੜਖਾਨਾ ਬਣ ਕੇ ਰਹਿ ਗਿਆ ਹੈ। ਟੱਬਰਾਂ ਦੇ ਟੱਬਰ ਅਜ ਰੋਜ਼ਾਨਾ ਕਤਲ ਹੋ ਰਹੇ ਹਨ। ਪਿਛਲੇ 24 ਘੰਟਿਆਂ ਵਿਚ ਹੀ 27 ਵਿਅਕਤੀਆਂ ਨੂੰ ਅੱਤਵਾਦੀਆਂ ਨੇ ਕਤਲ ਕਰ ਦਿਤਾ ਹੈ। ਉਹਨਾਂ ਕਿਹਾ ਕਿ ਕਾਂਗਰਸ (ਆਈ) ਨੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖਤਰੇ ਦੇ ਨਾਅਰੇ ਤੇ ਚੋਣਾਂ ਜਿਤੀਆਂ ਸਨ ਪਰ ਅਜ ਸਭ ਨੂੰ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਇਹ ਰਾਜੀਵ ਦੀ ਅਗਵਾਈ ਵਿਚ ਕਾਂਗਰਸ (ਆਈ) ਦੀਆਂ ਰਾਜਸੀ ਮੌਕਾ ਪ੍ਰਸਤੀ ਦੀਆਂ ਨੀਤੀਆਂ ਹੀ ਹਨ ਜਿਹਨਾਂ ਦਾ ਸਦਕਾ ਪੰਜਾਬ ਇਸ ਮੁਕਾਮ ਤੇ ਪੁਜ ਗਿਆ ਹੈ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦਾਅ ਤੇ ਲਗੀ ਹੋਈ ਹੈ। ਉਹਨਾਂ ਕਿਹਾ ਕਿ ਦੇਸ ਦੀ ਏਕਤਾ ਤੇ ਅਖੰਡਤਾ ਅਜ ਕਿਵੇਂ ਵੀ ਕੇਂਦਰ ਦੀ ਰਾਜੀਵ ਸਰਕਾਰ ਦੇ ਹਥਾਂ ਵਿਚ ਮਹਿਫੂਜ਼ ਨਹੀਂ ਹੈ। ਇਸੇ ਲਈ ਅਜ ਦੇ ਬੰਦ ਦਾ ਸਦਾ ਦੇਣ ਵਾਲੀਆਂ ਪਾਰਟੀਆਂ ਰਾਜੀਵ ਸਰਕਾਰ ਪਾਸੋਂ ਅਸਤੀਫੇ ਦੀ ਮੰਗ ਕਰਕੇ ਜਨਤਾ ਤੋਂ ਮੁੜ ਫਤਵਾ ਲੈਣ ਦੀ ਜ਼ੋਰਦਾਰ ਮੰਗ ਕਰ ਰਹੀਆਂ ਹਨ। ਉਹਨਾਂ ਨੇ ਪੰਜਾਬੀ ਲੋਕਾਂ ਨੂੰ ਮੁਬਾਰਕਬਾਦ ਦਿਤੀ ਕਿ ਭਾਰੀ ਉਕਸਾਹਟਾਂ ਦੇ ਬਾਵਜੂਦ ਉਹ ਫਿਰਕੂ ਅਮਨ ਲਗਾਤਾਰ ਬਹਾਲ ਰਖ ਰਹੇ ਹਨ ਅਤੇ ਹਿੰਦੂ-ਸਿੱਖ ਭਰਾਵਾਂ ਵਿਚ ਪੂਰੀ ਪੂਰੀ ਸਦਭਾਵਨਾ ਹੈ, ਜਿਸ ਦੀ ਮਿਸਾਲ ਕਿ ਪਿੰਡ ਕਾਹਰੀ ਸਾਹਰੀ ਦੇ ਹਤਿਆਕਾਂਡ ਤੋਂ ਮਿਲਦੀ ਹੈ। ਜਿਸਨੇ ਕਿ ਜੱਲਿਆਂਵਾਲੇ ਬਾਗ ਦੀ ਯਾਦ ਤਾਜ਼ਾ ਕਰਾ ਦਿਤੀ। ਏਥੇ ਹਿੰਦੂ-ਸਿੱਖਾਂ ਨੇ ਮਰਨ ਤਕ ਇਕਠਿਆਂ ਰਹਿਕੇ ਅੱਤਵਾਦੀਆਂ ਦੀਆਂ ਗੋਲੀਆਂ ਖਾਧੀਆਂ।

ਉਹਨਾਂ ਕਿਹਾ ਕਿ ਅਜ ਜਿਥੇ ਮਜ਼ਦੂਰਾਂ ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ ਤੇ ਮੁਲਾਜ਼ਮਾਂ ਨੇ ਆਪਣੀਆਂ ਮੰਗਾਂ ਤੇ ਮਸਲਿਆਂ ਲਈ ਲੜਨਾ ਹੈ ਉਥੇ ਇਹ ਬੇਹਦ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਦੀਆਂ ਸਿਆਸੀ ਮੌਕਾਪ੍ਰਸਤ ਦੀਆਂ ਨੀਤੀਆਂ ਜਿਨਾਂ ਨੇ ਕਿ ਪੰਜਾਬ ਦੀ ਇਹ ਹਾਲਤ ਬਣਾ ਦਿਤੀ ਹੈ ਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦਾਅ ਤੇ ਲਾ ਦਿਤੀ ਹੋਈ ਹੈ ਅਤੇ ਹੁਣ ਐਮਰਜੰਸੀ ਲਾਉਣ ਦਾ ਡਿਕਟੇਟਰੀ ਹੱਕ ਹਾਸਲ ਕਰਨ 'ਚ ਸੰਵਿਧਾਨ ਵਿਚ ਸੋਧ ਕਰ ਰਹੀ ਹੈ, ਵਿਰੁਧ ਵਿਸ਼ਾਲ ਲਾਮਬੰਦੀ ਕਰਕੇ ਉਦੋਂ ਤਕ ਲੜਿਆ ਜਾਏ ਜਦ ਤਕ ਕਿ ਰਾਜੀਵ ਸਰਕਾਰ ਨੂੰ ਅਸਤੀਫਾ ਦੇ ਕੇ ਮੁੜ ਤੋਂ ਚੋਣਾਂ ਰਾਹੀਂ ਲੋਕਾਂ ਦਾ ਫਤਵਾ ਲੈਣ ਲਈ ਮਜਬੂਰ ਨਹੀਂ ਕਰ ਦਿਤਾ ਜਾਂਦਾ।

ਸਾਥੀ ਰੰਧਾਵਾ ਨੇ ਕਿਹਾ ਕਿ ਪਹਿਲਾਂ ਵੀ ਕਈ ਵਾਰੀ ਬੰਦ ਹੋਏ ਹਨ ਪ੍ਰੰਤੂ ਅਜ ਦੇ ਬੰਦ ਅਤੇ ਦੂਸਰੇ ਬੰਦਾਂ ਵਿਚ ਬੁਨਿਆਦੀ ਅੰਤਰ ਹੈ। ਅਜ ਦਾ ਬੰਦ ਕਿਸੇ ਇਕ ਫਿਰਕੇ ਵਲੋਂ ਫਿਰਕੂ ਲੀਹਾਂ ਤੇ ਬੰਦ ਕਰਨ ਦਾ ਸੱਦਾ ਨਹੀਂ ਸਗੋਂ ਇਹ ਸਮੂਹ ਧਰਮ ਨਿਰਲੇਪ ਅਤੇ ਜਮਹੂਰੀ ਜਥੇਬੰਦੀਆਂ ਵਲੋਂ ਲੋਕਾਂ ਦੀਆਂ ਸਾਂਝੀਆਂ ਮੰਗਾਂ ਲਈ ਬੰਦ ਦਾ ਸਦਾ ਹੈ। ਦੂਜੇ ਇਸ ਬੰਦ ਦੀ ਅਪੀਲ ਪੁਰਅਮਨ ਤਰੀਕੇ ਨਾਲ ਕੀਤੀ ਗਈ ਹੈ ਅਤੇ ਜਬਰੀ ਬੰਦ ਨਹੀਂ ਕਰਵਾਇਆ ਗਿਆ। ਸਾਥੀ ਰੰਧਾਵਾ ਨੇ ਕਿਹਾ ਕਿ ਅਜ ਦੇ ਵਿਸ਼ਾਲ ਭਾਰਤ ਬੰਦ ਦੀ ਸਫਲਤਾ ਜਿਥੇ ਰਾਜੀਵ ਗਾਂਧੀ ਦੇ ਭਰਿਸ਼ਟ ਸਰਕਾਰ ਨੂੰ ਇਕ ਚਣੌਤੀ ਹੈ ਉਥੇ ਇਹ ਦੇਸ਼ ਦੇ ਲੋਕਾਂਅੰਦਰ ਏਕਤਾ ਦੀ ਭਾਵਨਾ ਨੂੰ ਮਜਬੂਤ ਕਰਕੇ ਫਿਰਕੂ ਅਤੇ ਵਿੰਡਵਾਦੀ ਸ਼ਕਤੀਆਂ ਨੂੰ ਨਿਖੇੜਨ ਵਿਚ ਸਹਾਈ ਹੋਵੇਗੀ।

ਸਾਥੀ ਰੰਧਾਵਾ ਨੇ ਸਰਕਾਰ ਦੀ ਨਵੀਂ ਆਰਥਿਕ ਨੀਤੀ ਦੀ ਆਲੋਚਨਾ ਕਰਦਿਆਂ ਹੋਇਆਂ ਜਨਤਕ ਖੇਤਰ ਨੂੰ ਖੋਰਾ ਲਾਉਣ ਅਤੇ ਦੇਸ਼ੀ ਤੇ ਬਦੇਸ਼ੀ ਅਜ਼ਾਰੇਦਾਰ ਨੂੰ ਖੁਲਾਂ ਦੇਣ ਦੀ ਨੀਤੀ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਇਸ ਨਾਲ ਦੇਸ਼ ਦੇ ਆਤਮ ਨਿਰਭਰਤਾ ਨੂੰ ਢਾਅ ਲਗ ਰਹੀ ਹੈ। ਟੈਕਸਾਂ ਵਿਚ ਵਾਧੇ ਅਤੇ ਘਾਟੇ ਦੇ ਬਜਟ ਨਾਲ ਮਹਿੰਗਾਈ ਹੋਰ ਵਧੇਗੀ ਅਤੇ ਆਮ ਲੋਕਾਂ ਦਾ ਜੀਵਨ ਨਿਰਬਾਹ ਹੋਰ ਕਠਨ ਹੋਵੇਗਾ। ਸਾਥੀ ਰੰਧਾਵਾ ਨੇ ਕਿਹਾ ਰਾਜੀਵ ਸਰਕਾਰ ਸਾਰੇ ਫਰੰਟਾਂ ਤੇ ਫੇਹਲ ਹੋ ਗਈ ਹੈ ਅਤੇ ਇਸ ਲਈ ਇਸ ਨੂੰ ਸਤਾ ਵਿਚ ਬਣੇ ਰਹਿਣ ਦਾ ਕੋਈ ਇਖਲਾਕੀ ਹੱਕ ਨਹੀਂ ਹੈ। ਸਰਕਾਰ ਨੂੰ ਅਸਤੀਫਾ ਦੇ ਕੇ ਨਵੀਆਂ ਚੋਣਾਂ ਕਰਾਉਣੀਆਂ ਚਾਹੀਦੀਆਂ ਹਨ।

## ਪਠਾਨਕੋਟ

ਪਠਾਨ ਕੋਟ ਸ਼ਹਿਰ ਵੀ ਮੁਕੰਮਲ ਬੰਦ ਰਿਹਾ। ਸ਼ਿਮਲਾ ਪਹਾੜੀ ਵਿਚ ਇਕ ਸਾਂਝੀ ਰੈਲੀ ਕੀਤੀ ਗਈ ਜਿਸ ਵਿਚ 700 ਤੋਂ ਵਧ ਮੁਲਾਜ਼ਮ ਤੇ ਆਮ ਲੋਕਾਂ ਨੇ ਭਾਗ ਲਿਆ। ਇਸ ਰੈਲੀ ਨੂੰ ਕਿਸਾਨ ਆਗੂ ਸਾਥੀ ਨੇਕ ਰਾਮ, ਜੀ. ਟੀ. ਯੂ ਆਗੂ ਸ੍ਰੀ ਹਰਦੀਪ ਸਿੰਘ, ਰੋਡਵੇਜ਼

# ਫਿਲੌਰ ਨੇੜੇ ਵਹਿਸ਼ੀ ਲਾਠੀਚਾਰਜ ਅਤੇ ਹੋਰ ਕਈ ਥਾਵਾਂ ’ਤੇ ਸੈਂਕੜੇ ਗ੍ਰਿਫਤਾਰ

ਆਗੂ ਸ੍ਰੀ ਸੂਬਾ ਸਿੰਘ, ਟਾਂਗਾ ਯੂਨੀਅਨ ਦੇ ਸ੍ਰੀ ਸੋਹਣ ਲਾਲ, ਸੀਟੂ ਦੇ ਸਾਥੀ ਮੁਲਖ ਰਾਜ, ਐਸ. ਐਫ. ਆਈ ਦੇ ਸ੍ਰੀ ਰਮੇਸ਼ ਚੰਦਰ, ਏਟਕ ਦੇ ਸ੍ਰੀ ਸੋਨੀ, ਧੰਨਾ ਰਾਮ, ਬਿਜਲੀ ਬੋਰਡ ਦੇ ਹਰੀ ਕ੍ਰਿਸ਼ਨਾ, ਜੋਤੀ ਰਾਮ ਤੇ ਸੋਮਦਤ ਨੇ ਸੰਬੋਧਨ ਕੀਤਾ।

ਪੁਲਸ ਨੇ ਰੋਡਵੇਜ਼ ਦੇ 70 ਤੋਂਵਧ ਵਰਕਰਾਂ ਨੂੰ ਗਰਿਫਤਾਰ ਕਰ ਲਿਆ। ਪੀ ਐਸ. ਟੀ. ਸੀ ਅਤੇ ਏਟਕ ਦੇ ਕਈ ਸਾਥੀਆਂ ਨੂੰ ਵੀ ਗਰਿਫਤਾਰ ਕਰ ਲਿਆ ਗਿਆ।ਕਸਬਾ ਕਲਾਨੌਰ ਵਿਚ ਬੰਦ ਦਾ ਲੋਕਾਂ ਨੇ ਭਾਰੀ ਹੁੰਗਾਰਾ ਭਰਿਆ। ਸਬਜੀ ਮੰਡੀ ਤੇ ਹੋਰ ਬਜ਼ਾਰ ਸਭ ਬੰਦ ਸਨ। ਦੋਧੀਯੂਨੀਅਨ, ਟਾਂਗਾ ਯੂਨੀਅਨ ਨੇ ਵੀ ਬੰਦ ਵਿਚ ਹਿਸਾ ਲਿਆ। ਕਸਬੇ ਵਿਚ ਇਕ ਰੈਲੀ ਕਰਕੇ ਜਲੂਸ ਵੀ ਕਢਿਆ ਗਿਆ। ਰੈਲੀ ਨੂੰ ਡੀ.ਵਾਈ.ਐਫ.ਆਈ. ਆਗੂ ਸਾਥੀ ਸੁਖਵਿੰਦਰ ਸਿੰਘ ਕਾਹਲੋਂ, ਬਲਜੀਤ ਸਿੰਘ, ਜਗਜੀਤ ਸਿੰਘ, ਮੁਲਾਜ਼ਮ ਆਗੂਆਂ ਚੋਂ ਜੀ.ਟੀ.ਯੂ. ਦੇ ਸ੍ਰੀ ਅਨੂਪ ਸਿੰਘ, ਮੁਲਾਜ਼ਮ ਤਾਲਮੇਲ ਕਮੇਟੀ ਦੇ ਪ੍ਰਧਾਨ ਸ੍ਰੀ ਹਜਾਰਾ ਸਿੰਘ, ਟੀ.ਐਸ.ਯੂ. ਦੇ ਸ੍ਰੀ ਰਣਧੀਰ ਸਿੰਘ ਨੇ ਸੰਬੋਧਨ ਕੀਤਾ।

ਕਲਾਨੌਰ ਦੇ ਆਲੇ ਦੁਆਲੇ ਦੇ ਖਾਨੋਵਾਲ, ਕੋਟਲੀ ਸੂਰਤ ਮੱਲ੍ਹੀ, ਬਡਾਲਾ ਬਾਂਗਰ, ਬਖਸ਼ੀਵਾਲ, ਡੇਰਾ ਬਾਬਾ ਨਾਨਕ ਵਿਚ ਵੀ ਮੁਕੰਮਲ ਬੰਦ ਰਿਹਾ।

## ਫਿਰੋਜ਼ਪੁਰ

ਸਮੂਚੇ ਜ਼ਿਲੇ ਵਿਚ ਮੁਕੰਮਲ ਬੰਦ ਰਿਹਾ। ਤਲਵੰਡੀ ਭਾਈ, ਫਿਰੋਜ਼ਪੁਰ, ਮੁਦਕੀ ਤੇ ਜ਼ੀਰਾ ਵਿਚ ਦੁਕਾਨਾਂ ਤੇ ਆਵਾਜਾਈ ਬਿਲਕੁਲ ਠੱਪ ਰਹੀ।

## ਅਬੋਹਰ

ਅਬੋਹਰ ਸ਼ਹਿਰ ਵਿਚ ਬੰਦ ਬਿਲਕੁਲ ਸਫਲ ਰਿਹਾ। ਅਬੋਹਰ ਵਿਚ ਨਹਿਰੂ ਪਾਰਕ ਵਿਚ ਇਕ ਰੈਲੀ ਕੀਤੀ ਗਈ ਜਿਸ ਵਿਚ 5 ਹਜ਼ਾਰ ਦੇ ਕਰੀਬ ਲੋਕਾਂ ਨੇ ਭਾਗ ਲਿਆ। ਇਸ ਰੈਲੀ ਨੂੰ ਸੀ. ਪੀ. ਆਈ (ਐਮ), ਸੀ. ਪੀ. ਆਈ, ਸੀਟੂ, ਅਤੇ ਏਟਕ ਆਗੂਆਂ ਨੇ ਸੰਬੋਧਨ ਕੀਤਾ।

ਇਸ ਰੈਲੀ ਵਿਚ ਭਾਗ ਲੈਣ ਲਈ ਮਸਤੀਪੁਰ ਭੋਮਾ ਅਤੇ ਚੱਕ ਬੋਜ਼ੀ ਖੇੜਾ ਤੋਂ ਆ ਰਹੇ ਵਿਅਕਤੀਆਂ ਉਪਰ ਪੁਲਸ ਵਲੋਂ ਲਾਠੀ ਚਾਰਜ ਕੀਤਾ ਗਿਆ ਜਿਸ ਵਿਚ 35 ਵਿਅਕਤੀ ਫਟੜ ਹੋ ਗਏ।

ਸੰਗਰੂਰ ਤੇ ਬਰਨਾਲਾ ਤੇ ਤਪਾ ਕਸਬਿਆਂ ਵਿਚ ਵੀ ਬੰਦ ਸੌ ਫੀਸਦੀ ਮੁਕੰਮਲ ਰਿਹਾ। ਹੰਢਿਆਇਆ ਕਸਬੇ ਵਿਚ ਟਰੈਫਿਕ ਜਾਮ ਕਰ ਰਹੇ ਵਰਕਰ ਤੇ ਪੁਲਸ ਨੇ ਲਾਠੀਚਾਰਜ ਕੀਤਾ।

ਤਲਵਾੜਾ — ਤਲਵਾੜਾ ਕਸਬੇ ਦੇ ਹਾਈਡਲ, ਬਿਜਲੀ ਬੋਰਡ ਤੇ ਥੀਨ ਡੈਮ ਅਤੇ ਹੋਰਨਾਂ ਮੁਲਾਜ਼ਮਾਂ ਨੇ ਮੁਕੰਮਲ ਹੜਤਾਲ ਕੀਤੀ।

ਤਲਵਾੜੇ ਦੇ ਮੁਲਾਜ਼ਮਾਂ ਦੇ ਇਕੱਠ ਤੇ ਪੁਲਸ ਵਲੋਂ ਲਾਠੀਚਾਰਜ ਕੀਤਾ ਗਿਆ ਜਿਸ ਵਿਚ 10 ਵਰਕਰ ਜਖਮੀ ਹੋ ਗਏ ਜਿਨਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਪੁਲਸ ਨੇ ਕਈ ਮੁਲਾਜ਼ਮਾਂ ਨੂੰ ਗ੍ਰਿਫਤਾਰ ਵੀ ਕਰ ਲਿਆ। ਫੜੇ ਹੋਏ ਵਰਕਰ ਛੁਡਵਾਉਣ ਲਈ 10 ਹਜ਼ਾਰ ਤੋਂ ਵਧ ਦੇ ਇਕੱਠ ਨੇ ਥਾਣੇ ਦਾ ਘਿਰਾਓ ਕੀਤਾ ਜਿਸ ਅੱਗੇ ਝੁਕਕੇ ਪੁਲਸ ਨੂੰ ਫੜੇ ਵਰਕਰ ਛਡਣੇ ਪਏ।

ਪਟਿਆਲਾ ਸ਼ਹਿਰ ਵਿਚ ਵੀ ਮੁਕੰਮਲ ਬੰਦ ਰਿਹਾ। ਜ਼ਿਲੇ ਦੇ ਸਰਹੰਦ, ਅਮਲੋਹ ਤੇ ਮੰਡੀ ਗੋਬਿੰਦਗੜ ਕਸਬਿਆਂ ਵਿਚ ਸਾਰੀਆਂ ਫੈਕਟਰੀਆਂ, ਦੁਕਾਨਾਂ ਬਜ਼ਾਰ ਬੰਦ ਰਹੇ। ਇਥੇ ਸਾਂਝੀਆਂ ਰੈਲੀਆਂ ਕੀਤੀਆਂ ਗਈਆਂ।

ਹੁਸ਼ਿਆਰਪੁਰ ਜ਼ਿਲੇ ਦੇ ਗੜਦੀਵਾਲਾ ਕਸਬੇ ਵਿਚ ਜਨਵਾਦੀ ਇਸਤਰੀ ਸਭਾ ਪੰਜਾਬ ਦੀ ਜਨਰਲ ਸਕੱਤਰ ਬੀਬੀ ਰਾਜਿੰਦਰ ਕੌਰ ਚੌਹਾਨ ਅਤੇ ਸੀ ਪੀ ਐਮ ਦੇ 4 ਜ਼ਿਲਾ ਕਮੇਟੀ ਮੈਂਬਰਾਂ ਸਮੇਤ 71 ਵਰਕਰ ਗ੍ਰਿਫਤਾਰ ਕਰ ਲਏ ਗਏ ਜਿਨ੍ਹਾਂ ਵਿਚ ਕਈ ਔਰਤਾਂ ਵੀ ਸ਼ਾਮਲ ਹਨ।

ਬਠਿੰਡੇ ਵਿਚ ਨੈਸ਼ਨਲ ਫਰਟੀਲਾਈਜ਼ਰ ਲਿਮਟਿਡ ਦੇ 400 ਤੋਂ ਵੱਧ ਮੁਲਾਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਨੰਗਲ :

ਅਨੰਦਪੁਰ ਤਹਿਸੀਲ ਵਿਚ ਅੱਜ ਮੁਕੰਮਲ ਬੰਦ ਰਿਹਾ। ਰੇਲਵੇ ਰੋਡ, ਸਬਜ਼ੀ ਮੰਡੀ, ਜਵਾਹਰ ਮਾਰਕੀਟ ਵਿਚ ਅਜ ਸਭ ਦੁਕਾਨਾਂ ਬੰਦ ਰਹੀਆਂ। ਸੜਕਾਂ ਬਿਲਕੁਲ ਸੁੰਨ ਮਸਾਣ ਪਈਆਂ ਸਨ। ਟਰੱਕ ਯੂਨੀਅਨ, ਟੈਂਪੂ ਯੂਨੀਅਨ, ਦੋਧੀ ਯੂਨੀਅਨ ਵੀ ਹੜਤਾਲ ਵਿਚ ਪੂਰੇ ਜ਼ੋਰ ਸ਼ੋਰ ਨਾਲ ਸ਼ਾਮਲ ਹੋਈਆਂ। ਢੇਰ, ਭਨੂੰਪਲੀ, ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ ਬਲਾਕਾਂ ਵਿਚ ਮੁਕੰਮਲ ਬੰਦ ਰਹੇ। ਆਵਾਜਾਈ ਬਿਲਕੁਲ ਬੰਦ ਰਹੀ ਕੋਈ ਵੀ ਬਸ ਕਿਸੇ ਰੂਟ ਤੇ ਚਲਦੀ ਨਹੀਂ ਦੇਖੀ ਗਈ।

## ਸੰਗਰੂਰ ਜ਼ਿਲੇ ’ਚ ਮੁਕੰਮਲ ਬੰਦ

(ਪੂੰਨਾਵਾਲ, ਪੜੌਚਾ) ਅਜ ਇਥੇ ਵਿਰੋਧੀ ਪਾਰਟੀਆਂ ਵਲੋਂ ਦਿਤੇ ਭਾਰਤ ਬੰਦ ਦੇ ਸੱਦੇ ਨੂੰ ਭਰਵਾਂਹੁੰਗਾਰਾ ਮਿਲਿਆ। ਸ਼ਹਿਰ ਦੇ ਸਾਰੇ ਬਜ਼ਾਰ ਤੇ ਕਾਰੋਬਾਰ ਅਦਾਰੇ ਬੰਦ ਰਹੇ। ਸੜਕਾਂ ਉਪਰ ਸੀ, ਆਰ. ਪੀ. ਜਾਂ ਪੁਲਸ ਦੇ ਡਿਊਟੀ ਦੇ ਰਹੇ ਮੁਲਾਜ਼ਮਾਂ ਤੋਂ ਛੁੱਟ ਹੋਰ ਕੋਈ ਚਹਿਲ ਪਹਿਲ ਦੇਖਣ ਵਿਚ ਨਹੀਂ ਆਈ।

ਟਰੱਕ ਅਪਰੇਟਰ ਯੂਨੀਅਨ ਵਲੋਂ ਭਾਰਤ ਬੰਦ ਨੂੰ ਪੂਰਨ ਹੁੰਗਾਰਾ ਮਿਲਿਆ। ਇਸ ਸਬੰਧ ਵਿਚ ਟਰੱਕ ਯੂਨੀਅਨ ਵਿਚ ਨਾ ਕੋਈ ਪੁਕਾਰ ਹੋਈ ਨਾ ਕੋਈ ਇਸ ਵਿਚ ਹਿੱਸਾ ਲੈਣ ਲਈ ਪੁੱਜਾ।

ਟੈਕਸੀ ਯੂਨੀਅਨ, ਰਿਕਸ਼ਾ ਯੂਨੀਅਨ 3 ਰੇਹੜੀ ਯੂਨੀਅਨਾਂ ਨੇ ਮੁਕੰਮਲ ਬੰਦ ਕੀਤਾ। ਸ਼ਹਿਰ ਵਿਚ ਕੋਈ ਰਿਕਸ਼ਾ ਚਲਦਾ ਨਜ਼ਰ ਨਹੀਂ ਆਇਆ। ਕਿਸੇ ਰੇਹੜੀ ਵਾਲੇ ਨੇ ਰੇਹੜੀ ਨਹੀਂ ਲਾਈ। ਟੈਕਸੀ ਸਟੈਂਡ ਸੁੰਨਾ ਪਿਆ ਸੀ।

ਇਸੇ ਦੌਰਾਨ ਇਥੋਂ 10 ਕਿਲੋਮੀਟਰ ਦੂਰ ਮਹਿਲਾ ਪਿੰਡ ਵਿਖੇ ਭਾਰੀ ਗਿਣਤੀ ਵਿਚ ਪਿਕਟਿੰਗ ਕਰ ਰਹੇ ਲੋਕਾਂ ਉਪਰ ਪੁਲਸ ਨੇ ਲਾਠੀਚਾਰਜ ਕੀਤਾ। ਜਿਸਦੇ ਸਿੱਟੇ ਵਜੋਂ ਕਈ ਵਿਅਕਤੀ ਜਖਮੀ ਹੋ ਗਏ ਜਿਹਨਾਂ ਵਿਚ ਸੀ. ਪੀ. ਆਈ (ਐਮ) ਦੇ ਸਾਥੀ ਸ਼ੇਰ ਸਿੰਘ ਢੰਡੋਲੀ ਮਿਤ ਸਿੰਘ ਤੇ ਲਾਲ ਸਿੰਘ ਅਤੇ ਸੀ. ਪੀ. ਆਈ. ਦੇ ਸਾਥੀ ਬਲਬੀਰ ਸਿੰਘ ਵੀ ਸ਼ਾਮਲ ਹਨ।

ਇਥੋਂ 16 ਕਿਲੋਮੀਟਰ ਦੂਰ ਪਿੰਡ ਬੜਵਰ ਵਿਚ ਜਨਵਾਦੀ ਇਸਤਰੀ ਸਭਾ ਦੀ ਸੂਬਾਈ ਪਰਧਾਨ ਬੀਬੀ ਸ਼ਮਿੰਦਰ ਕੌਰ, ਅਤੇ ਸੀ. ਪੀ ਆਈ. (ਐਮ) ਦੇ ਹੋਰਨਾਂ ਆਗੂਆਂ ਸਰਵ ਸਾਥੀ ਬੰਤ ਸਿੰਘ ਦਾਨਗੜ, ਭਿੰਦਰ ਸਿੰਘ ਮਾਨ ਦੀ ਅਗਵਾਈ ਵਿਚ ਸੈਂਕੜੇ ਸਾਥੀਆਂ ਨੂੰ ਗਰਿਫਤਾਰ ਕਰ ਲਿਆ ਗਿਆ।

ਜ਼ਿਲੇ ਵਿਚ ਬੰਦ ਖੁਲਵਾਉਣ ਲਈ ਕਈ ਥਾਈਂ ਪੁਲਸ ਨੇ ਲਾਠੀਚਾਰਜ ਕੀਤਾ। ਕਾਂਗਰਸ ਦੇ ਹਮਾਇਤੀਆਂ ਨੇ ਬੰਦ ਨੂੰ ਖੁਲਵਾਉਣ ਲਈ ਬਹੁਤ ਜ਼ੋਰ ਲਾਇਆ ਪਰ ਉਹ ਕਾਮਯਾਬ ਨਹੀਂ ਹੋ ਸਕੇ।

ਜ਼ਿਲੇ ਭਰ ਦੇ ਮੁਲਾਜ਼ਮਾਂ ਨੇ ਵੀ ਅਜ ਮੁਕੰਮਲ ਹੜਤਾਲ ਕੀਤੀ।

ਬੈਂਕ, ਬਿਜਲੀ ਤੇ ਪੀ. ਆਰ. ਟੀ ਸੀ. ਦੇ ਮੁਲਾਜ਼ਮ ਮੁਕੰਮਲ ਹੜਤਾਲ ਤੇ

ਸਨ। ਇਸ ਦਾ ਅਜ ਸੰਗਰੂਰ ਬੱਸ ਅੱਡੇ ਵਿਚੋਂ ਇਕ ਵੀ ਬੱਸ ਚਲ ਨਹੀਂ ਸਕੀ।

ਇਸੇ ਦੌਰਾਨ ਕਿਸਾਨ ਘੀ ਮਿੱਲ, ਐਗਟੋਰੋ ਪਲਾਂਟ, ਮਿਲਕ ਪਲਾਂਟ ਤੇ ਟੈਕਨੀਕਲ ਐਸੋਸੀਏਸ਼ਨ ਦੇ ਮੁਲਾਜਮਾਂ ਨੇ ਵੀ ਮੁਕੰਮਲ ਹੜਤਾਲ ਰਖੀ। ਇਹਨਾਂ ਅਦਾਰਿਆਂ ਵਿਚ ਕੋਈ ਕੰਮ ਕਾਰ ਨਹੀਂ ਹੋ ਸਕਿਆ।

ਇਸ ਤੋਂ ਇਲਾਵਾ ਪਲੇਦਾਰ ਯੂਨੀਅਨ ਤੇ ਟੀਚਰ ਯੂਨੀਅਨਾਂ ਵਲੋਂ ਵੀ ਮੁਕੰਮਲ ਹੜਤਾਲ ਕੀਤੀ ਗਈ।

ਬਿਜਲੀ ਮੁਲਾਜਮਾਂ ਨੇ ਪਹਿਲਾਂ ਆਪਣੇ ਦਫਤਰ ਅਗੇ ਇਕ ਜੋਰਦਾਰ ਰੈਲੀ ਕੀਤੀ ਤੇ ਮਗਰੋਂ ਉਹ ਬਸ ਅੱਡੇ ਦੀ ਮੁੱਖ ਰੈਲੀ ਵਿਚ ਜਾ ਸ਼ਾਮਲ ਹੋਏ। ਇਸੇ ਤਰਾਂ ਬੈਂਕ ਮੁਲਾਜਮਾਂ ਨੇ ਬੈਂਕਾਂ ਸਾਹਮਣੇ ਇਕ ਰੈਲੀ ਕਰਨ ਮਗਰੋਂ ਬੱਸ ਅੱਡੇ ਵਲ ਦੀ ਮੁੱਖ ਰੈਲੀ ਵਲ ਨੂੰ ਰੁਖ ਕੀਤਾ।

ਬੱਸ ਅੱਡੇ ਦੀ ਵਿਸ਼ਾਲ ਰੈਲੀ ਵਿਚ ਜ਼ਿਲੇ ਭਰ ਵਿਚੋਂ ਆਏ ਹੜਤਾਲੀ ਮੁਲਾਜਮਾਂ ਨੇ ਹਿਸਾ ਲਿਆ ਜਿਹਨਾਂ ਨੂੰ ਸੀ. ਪੀ. ਆਈ. (ਐਮ) ਦੇ ਜ਼ਿਲਾ ਸਕੱਤਰ ਚੰਦ ਸਿੰਘ ਚੋਪੜਾ ਤੇ ਸਾਥੀ ਮੁੱਖਤਿਆਰ ਸਿੰਘ ਸੀਟੂ ਤੇ ਸੀ. ਪੀ. ਆਈ. ਵਲੋਂ ਸਾਥੀ ਸਰਵਨ ਸਿੰਘ ਚੱਠਾ, ਨਾਜਰ ਸਿੰਘ ਪਰੋਦਾ ਤੇ ਅਵਤਾਰ ਸਿੰਘ ਬਾਜਵਾ ਜਨਤਾ ਪਾਰਟੀ ਦੇ ਸ੍ਰੀ ਚੰਦਰ ਕੁਮਾਰ ਰਾਣਾ, ਬਾਰ ਐਸੋਸੀਏਸ਼ਨ ਦੇ ਪਰਧਾਨ ਸ੍ਰੀ ਬਲਬੀਰ ਸਿੰਘ ਵਿਲੋਂ ਤੇ ਕਈ ਹੋਰ ਬੁਲਾਰਿਆਂ ਨੇ ਸੰਬੋਧਨ ਕੀਤਾ।

## ਹੁਸ਼ਿਆਰਪੁਰ ਜ਼ਿਲੇ ਅੰਦਰ ਮੁਕੰਮਲ ਬੰਦ, 50 ਵਰਕਰ ਗਰਿਫਤਾਰ

ਹੁਸ਼ਿਆਰਪੁਰ — ਹੁਸ਼ਿਆਰਪੁਰ ਜ਼ਿਲੇ ਵਿਚ ਅਜ਼ ਮੁਕੰਮਲ ਬੰਦ ਰਿਹਾ। ਪੁਲਸ ਵਲੋਂ ਐਸ. ਪੀ. ਦੀ ਅਗਵਾਈ ਵਿਚ ਵਾਰ ਵਾਰ ਬੰਦ ਨੂੰ ਖੁਲਵਾਉਣ ਦੇ ਯਤਨਾਂ ਦੇ ਬਾਵਜੂਦ ਸਾਰੀਆਂ ਦੁਕਾਨਾਂ ਬੰਦ ਰਹੀਆਂ।

ਹੁਸ਼ਿਆਰਪੁਰ ਸ਼ਹਿਰ ਦੇ ਰੇਲਵੇ ਰੋਡ, ਕੁਤਵਾਲੀ, ਸ਼ੀਸ਼ ਮਹਿਲ, ਕਮੇਟੀ, ਵਕੀਲਾਂ ਡੱਬੀ, ਗਊਸ਼ਾਲਾ ਬਜ਼ਾਰਾਂ ਵਿਚ ਕੋਈ ਵੀ ਦੁਕਾਨ ਖੁਲੀ ਦੇਖਣ ਨੂੰ ਨਹੀਂ ਮਿਲੀ।

ਸ਼ਹਿਰ ਅੰਦਰ ਅੱਜ ਦੁਕਾਨਦਾਰਾਂ ਨੂੰ ਦੁਕਾਨਾਂ ਬੰਦ ਕਰਨ ਦੀ ਅਪੀਲ ਕਰ ਰਹੇ ਸੀ. ਪੀ. ਐਮ., ਸੀ. ਪੀ. ਆਈ., ਆਰ. ਪੀ. ਆਈ., ਜਨਤਾ ਪਾਰਟੀ ਤੇ ਲੋਕ ਦਲ ਦੇ 25 ਪ੍ਰਤੀਨਿਧਾ ਦੇ ਜਥੇ ਨੂੰ ਪੁਲਸ ਨੇ ਗਰਿਫਤਾਰ ਕਰ ਲਿਆ ਗਿਆ।

ਜ਼ਿਲੇ ਦੇ ਹਰਿਆਣਾ ਬੁੱਲੋਵਾਲ ਕਸਬਿਆਂ ਵਿਚ ਮੁਕੰਮਲ ਬੰਦ ਰਿਹਾ। ਨਸਰਾਲਾ ਵਿਚ ਵੀ ਬੰਦ ਰਿਹਾ। ਇਥੇ ਟਰੈਫਿਕ ਜਾਮ ਕਰ ਰਹੇ ਵਰਕਰਾਂ ਉਪਰ ਪੁਲਸ ਨੇ ਲਾਠੀਚਾਰਜ ਕੀਤਾ ਅਤੇ 25 ਸਾਥੀਆਂ ਨੂੰ ਗਰਿਫਤਾਰ ਕਰ ਲਿਆ ਜਿਹਨਾਂ ਵਿਚ ਸੀ. ਪੀ. ਆਈ. (ਐਮ) ਸਰਵ ਸਾਥੀ ਦੇਵ ਰਾਜ ਸਾਬਕਾ ਵਿਧਾਇਕ ਵੀ ਸ਼ਾਮਲ ਹਨ।

ਸ਼ਾਹਕੋਟ—ਸੀ. ਪੀ. ਆਈ. (ਐਮ) ਆਗੂ ਸਾਥੀ ਚਰਨ ਸਿੰਘ ਰੂਪੇਵਾਲੀ ਅਨੁਸਾਰ ਭਾਰਤ ਬੰਦ ਦੇ ਸਬੰਧ ਵਿਚ ਇਥੇ ਸੀ. ਪੀ. ਆਈ. (ਐਮ), ਸੀ. ਪੀ. ਆਈ., ਸ਼ਰੋਮਣੀ ਅਕਾਲੀ ਦਲ (ਲੌਂਗੋਵਾਲ) ਤੇ ਜਨਤਾ ਪਾਰਟੀ ਦੇ ਆਗੂਆਂ ਤੇ ਵਰਕਰਾਂ ਨੇ ਡੇਢ ਘੰਟਾ ਟਰੈਫਿਕ ਜਾਮ ਰਖਿਆ। ਸ਼ਹਿਰ ਵਿਚ ਅਮਨ ਮਾਰਚ ਵੀ ਕੀਤਾ ਗਿਆ ਤੇ ਰਾਜੀਵ ਸਰਕਾਰ ਦੇ ਅਸਤੀਫੇ ਤੇ ਦੇਸ ਦੀ ਏਕਤਾ ਤੇ ਅਖੰਡਤਾ ਦੇ ਹਕ ਵਿਚ ਨਾਹਰੇ ਲਾਏ ਗਏ।

ਲੋਹੀਆਂ ਤੇ ਮਲਸੀਆਂ ਕਸਬਿਆਂ ਵਿਚ ਵੀ ਪੂਰਨ ਬੰਦ ਰਖਿਆ ਗਿਆਂ।

ਮਲੋਟ—ਕਸਬੇ ਵਿਚ ਪੂਰਨ ਬੰਦ ਰਿਹਾ। ਖੱਬੀਆਂ ਤੇ ਸੈਕੂਲਰ ਪਾਰਟੀਆਂ ਦੇ ਵਰਕਰਾਂ ਵਲੋਂ ਕੱਢੇ ਗਏ ਜਲੂਸ ਤੇ ਪੁਲਸ ਵਲੋਂ ਸਖਤ ਲਾਠੀਚਾਰਜ ਕੀਤਾ ਗਿਆ ਜਿਸ ਦੌਰਾਨ ਕੁਝ ਵਰਕਰ ਸਖਤ ਜ਼ਖਮੀ ਹੋ ਗਏ ਕੁਝ ਹੋਰਨਾਂ ਨੂੰ ਗਰਿਫਤਾਰ ਕਰ ਲਿਆ ਗਿਆ।

## ਅੰਮ੍ਰਿਤਸਰ ਮੁਕੰਮਲ ਬੰਦ ਰਿਹਾ

ਅੰਮ੍ਰਿਤਸਰ—ਇਥੇ ਸ਼ਹਿਰ ਮੁਕੰਮਲ ਬੰਦ ਰਿਹਾ ਅਤੇ ਹਾਲ ਬਾਜਾਰ ਵਿਚ ਸਾਂਝੀ ਭਰਵੀਂ ਰੈਲੀ ਕੀਤੀ ਗਈ ਜਿਸ ਵਿਚ ਦਸ ਹਜਾਰ ਤੋਂ ਵਧ ਮਜਦੂਰ, ਆਮ ਲੋਕ ਨੌਜਵਾਨ, ਵਿਦਿਆਰਥੀ ਤੇ ਇਸਤਰੀਆਂ ਸ਼ਾਮਲ ਹੋਈਆਂ। ਲਾਰੇਂਸ ਰੋਡ, ਕਟੜਾ ਜੈਮਲ ਸਿੰਘ, ਹਾਲ ਬਜਾਰ, ਪੁਤਲੀਘਰ ਹੋਰ ਸਾਰੇ ਮੁਖ ਬਜ਼ਾਰ 99% ਤੋਂ ਵਧ ਬੰਦ ਰਹੇ। ਕੋਈ ਬੱਸ ਅੱਡੇ ਤੋਂ ਨਹੀਂ ਚਲੀ ਰੋਡਵੇਜ਼ ਦੇ ਸੀਟੂ ਤੇ ਏਟਕ ਨਾਲ ਸਬੰਧਤ ਮਜ਼ਦੂਰਾਂ ਮੁਕੰਮਲ ਹੜਤਾਲ ਕਰਕੇ ਰੈਲੀ ’ਚ ਸ਼ਾਮਲ ਹੋਏ। ਚਾਹ ਦੀਆਂ ਦੁਕਾਨਾਂ ਤੇ ਰੇੜੀਆਂ ਤਕ ਨਹੀਂ ਲਗੀਆਂ। ਬਿਜਲੀ ਮੁਲਾਜ਼ਮਾਂ ਨੇ ਵੀ ਮੁਕੰਮਲ ਹੜਤਾਲ ਕਰਕੇ ਪਰਮੁਖ ਰੈਲੀ ’ਚ ਸ਼ਮੂਲੀਅਤ ਕੀਤੀ। ਐਸ. ਐਫ. ਆਈ. ਦੇ ਸੱਦੇ ਤੇ ਮੈਡੀਕਲ ਕਾਲਜ, ਟੈਕਟਾਈਲ ਸੰਸਥਾ, ਗਾਰਮੈਂਟਸ ਸਿਖਿਆ ਸੰਸਥਾ ਵਿਚ ਵਿਦਿਆਰਥੀਆਂ ਮੁਕੰਮਲ ਹੜਤਾਲ ਕੀਤੀ। ਪਾਲੀਟੈਕਨਿਕ ਵਿਚ ਵਿਦਿਆਰਥੀਆਂ, ਅੰਸ਼ਕ ਹੜਤਾਲ ਕੀਤੀ ਨਾਨਕ ਯੂਨੀਵਰਸਟੀ ਦੇ ਨਾਨਟੀਚਿੰਗ ਸਟਾਫ ਨੇ ਸਟੇਅ ਇਨਸਟਰਾਈਕ ਕੀਤੀ।

ਰੈਲੀ ਨੂੰ ਸਰਵ ਸਾਥੀ ਮੰਗਤ ਰਾਮ ਪਾਸਲਾ ਸੀ. ਪੀ. ਆਈ (ਐਮ) ਕੇਂਦਰੀ ਕਮੇਟੀ ਮੈਂਬਰ, ਵਿਜਏ ਮਿਸ਼ਰਾ ਵਾਈਸ ਪ੍ਰਧਾਨ ਸੂਬਾ ਸੀਟੂ, ਸਾਥੀ ਸਤਪਾਲ ਡਾਂਗ ਸੀ. ਪੀ. ਆਈ ਆਗੂ ਅਤੇ ਪਰਦੁਮਨ ਸਿੰਘ ਨੇ ਲੋਕਾਂ ਦਾ ਬੰਦ ਨੂੰ ਭਰਵਾਂ ਹੁੰਗਾਰਾ ਦੇਣ ਲਈ ਤਹਿ ਦਿਲੋ ਧੰਨਵਾਦ ਕੀਤਾ।

ਕਸਬਾ ਅਜਨਾਲਾ, ਲੋਪੋਕੇ ਤੇ ਚੁਗਾਵਾਂ ’ਚ ਵੀ ਮੁਕੰਮਲ ਬੰਦ ਰਿਹਾ। ਅਜਨਾਲਾ ’ਚ ਪੁਲਸ ਨੇ ਸਪੀਕਰ ਖੋਹ ਲਿਆ।

ਝਬਾਲ, ਰਈਆ, ਬਿਆਸ, ਟਾਂਗਰਾ, ਜੰਡਿਆਲਾ ਗੁਰੂ, ਭੀਖੀਵਿੰਡ ਵਿਚ ਵੀ


**WHEATON**

**PONTIAC BUICK GMC LTD.**

ਨਵੀਂਆਂ ਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜਿਮੀ ਲੈਣ ਲਈ ਆਪਣੇ ਜਾਣੇ ਪਛਾਣੇ ਸੇਲਜ਼ਮੈਨ ਨੂੰ ਮਿਲੋ

ਕੁਲਦੀਪ ਸਿੰਘ ਭੰਡ ਨੂੰ ਫੂਨ ਕਰੋ ਜਾਂ ਮਿਲੋ

Bus. 526-2781

Res. 524-4137

Pager 687-7711 #7610

325 - 12th St., New Westminster, B.C.



ਕੁਲਦੀਪ ਸਿੰਘ ਭੰਡ

# ਪੰਜਾਬ 'ਚ ਭਰਵਾਂ ਹੁੰਗਾਰਾ

ਮੁਕੰਮਲ ਬੰਦ ਰਿਹਾ। ਰੇਲਵੇ ਮੁਲਾਜ਼ਮਾਂ ਨੇ ਭਾਰੀ ਗੇਟ ਰੈਲੀ ਕੀਤੀ। ਜਿਸ ਨੂੰ ਐਨ. ਆਰ. ਐਮ. ਯੂ ਦੇ ਸਾਥੀ ਪੀ. ਆਰ. ਪਟੇਲ, ਰਕੇਸ਼ਵਰ ਪੈਂਡੂ ਅਤੇ ਨਾਰਦਰਨ ਰੇਲਵੇ ਵਰਕਰਜ਼ ਯੂਨੀਅਨ ਦੇ ਸਰਵ ਸਾਥੀ ਪਿਆਰਾ ਸਿੰਘ ਤੇ ਦਰਸ਼ਨ ਦਰਦ ਨੇ ਸੰਬੋਧਨ ਕੀਤਾ।

ਫਗਵਾੜਾ—ਕਸਬੇ ਵਿਚ ਮੁਕੰਮਲ ਬੰਦ ਰਿਹਾ ਇਥੇ ਪੁਲਸ ਨੇ ਬਿਨਾ ਭੜ-ਕਾਹਟ ਦੇ 250 ਦੇ ਕਰੀਬ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਜਿਹਨਾਂ ਵਿਚ ਇਹ ਆਗੂ ਵੀ ਸ਼ਾਮਲ ਹਨ—ਸੀ.ਪੀ ਆਈ. (ਐਮ) ਦੇ ਸਰਵ ਸਾਥੀ ਹਰਬੰਸ ਸਿੰਘ ਮੰਦਾਲੀ, ਮੱਖਣ ਸਿੰਘ ਸੰਧੂ, ਹੁਸ਼ਨ ਮਾਂਗਟ ਹਰਦੇਵ ਸਿੰਘ, ਸੀ. ਪੀ. ਆਈ ਦੇ ਸਾਥੀ ਰਾਮ ਸਹਾਏ, ਜਨਤਾ ਦੇ ਤਿਰਲੋਚਨ ਸਿੰਘ, ਅਨੰਦ ਕਿਸ਼ੋਰ ਚੋਪੜਾ ਅਤੇ ਧਰਮ ਪਾਲ ਧਿਮਾਨ ਸ਼ਾਮਲ ਹਨ।

ਬਟਾਲਾ : ਪ੍ਰਾਪਤ ਖਬਰਾਂ ਅਨੁ-ਸਾਰ ਅੱਜ ਸਮੁੱਚਾ ਬਟਾਲਾ ਸ਼ਹਿਰ ਬੰਦ ਰਿਹਾ। ਸਮੁਚੀ ਸਨਅਤ ਵਿਚ ਹੜਤਾਲ ਰਹੀ। ਸਵੇਰ ਸਮੇਂ ਏਥੇ ਪੰਜਾਬ ਰੋਡਵੇਜ਼ ਦੇ ਅੱਡੇ ਤੋਂ ਅੱਜ ਛੇ ਬੱਸਾਂ ਨਿਕਲੀਆਂ ਪਰ ਉਹ ਖਾਲੀ ਹੀ ਸਨ। ਉਸ ਤੋਂ ਪਿਛੋਂ ਪੰਜਾਬ ਰੋਡਵੇਜ਼ ਦੀਆਂ ਬੱਸਾਂ ਨਾ ਚਲੀਆਂ। ਛੋਟੀਆਂ ਸੜਕਾਂ ਉਤੇ ਕਿਸੇ ਵੀ ਤਰਾਂ ਦੀ ਕੋਈ ਮੁਸਾਫਰ ਬੱਸ ਵਖਾਈ ਨਹੀਂ ਸੀ ਦੇ ਰਹੀ

ਸਵੇਰ ਸਮੇਂ ਸੀ.ਪੀ. ਆਈ (ਐਮ) ਦੇ ਵਰਕਰਾਂ ਸਾਥੀ ਹੰਸਾ ਸਿੰਘ, ਸਾਥੀ ਅਵਤਾਰ ਸਿੰਘ ਰਿਖੀਆ ਅਤੇ ਸਾਥੀ ਅਮਰੀਕ ਸਿੰਘ ਰਿਖੀਆ ਨੇ ਲਾਲ ਝੰਡੇ ਬੰਨ੍ਹਕੇ ਸਕੂਟਰ ਰਿਕਸ਼ੇ ਉਤੇ ਮਨਾਦੀ ਕੀਤੀ ਅਤੇ ਸ਼ਹਿਰੀਆਂ ਨੂੰ ਜਿਥੇ ਭਾਰਤ ਬੰਦ ਦੀ ਮਹੱਤਤਾ ਬਾਰੇ ਦਸਿਆ ਓਥੇ ਨਾਲ ਹੀ ਹਿੰਦੂ-ਸਿੱਖਏਕਤਾ,ਪੰਜਾਬੀ ਏਕਤਾ ਅਤੇ ਦੇਸ਼ ਦੀ ਏਕਤਾ ਅਖੰਡਤਾ ਦੇ ਹੱਕ ਵਿਚ ਨਾਹਰੇ ਲਾਏ।

ਮਜ਼ਦੂਰਾਂ ਮੁਲਾਜ਼ਮਾਂ ਅਤੇ ਆਮ ਸ਼ਹਿਰੀਆਂ ਨੇ ਸ਼ਹਿਰ ਵਿਚ ਜਲੂਸ ਵੀ ਕੱਢਿਆ। ਰੇਲਵੇ ਸਟੇਸ਼ਨ ਉਤੇ ਵੀ ਮੁਸਾਫਰਾਂ ਦੀ ਆਵਾਜਾਈ ਘੱਟ ਸੀ। ਜਲੂਸ ਪਿਛੋਂ ਹੋਈ ਰੈਲੀ ਨੂੰ ਸੀਟੂ ਆਗੂ ਸਾਥੀ ਰਨਬੀਰ ਸਿੰਘ ਵਿਰਕ, ਸ ਥੀ ਅਮਰਜੀਤ ਸਿੰਘ, ਸਾਥੀ ਰਘਬੀਰ ਸਿੰਘ ਆਦਿ ਨੇ ਸੰਬੋਧਨ ਕੀਤਾ।

ਕਾਦੀਆਂ, ਡੇਰਾ ਬਾਬਾ ਨਾਨਕ, ਧਾਰੀਵਾਲ ਕਸਬਿਆਂ ਵਿਚੋਂ ਵੀ ਮੁਕੰਮਲ ਬੰਦ ਦੀਆਂ ਖਬਰਾਂ ਪਰਾਪਤ ਹੋਈਆਂ ਹਨ।

ਕਸਬਾ ਕਾਦੀਆਂ, ਨੁਸ਼ਹਿਰਾ ਮੱਝਾ ਸਿੰਘ, ਕਾਹਨੂੰਵਾਨ, ਅਲੀਵਾਲ, ਹਰਚੋ-ਵਾਲ ਆਦਿ ਮੁਕੰਮਲ ਬੰਦ ਰਹੇ।

ਬਟਾਲਾ ਸ਼ਹਿਰ ਦੀ ਭਰਵੀਂ ਰੈਲੀ ਨੂੰ ਸਰਬ ਸਾਥੀ ਦਲੀਪ ਸਿੰਘ ਜੋਹਲ (ਸੂਬਾ ਸਕਤਰੇਤ ਮੈਂਬਰ ਸੀ. ਪੀ. ਐਮ.) ਅਮਰਜੀਤ ਸਿੰਘ ਕੁਲਾਰ, ਕਰਤਾਰ ਸਿੰਘ ਸਿੰਬਲ (ਸੀਟੂ), ਇਕਬਾਲ ਸਿੰਘ, ਕਿਸ਼ਨ ਲਾਲ (ਬੈਂਕ ਮੁਲਾਜ਼ਮ ਆਗੂ) ਮ ਸਟਰ ਰਘਬੀਰ ਸਿੰਘ (ਮੁਲਾ-ਜ਼ਮ ਆਗੂ) ਨੇ ਸੰਬੋਧਨ ਕੀਤਾ।

ਕਾਦੀਆਂ—ਏਥੇ ਕੋਈ ਇਕ ਹਜ਼ਾਰ ਦੇ ਕਰੀਬ ਲੋਕਾਂ ਦੀ ਰੈਲੀ ਹੋਈ ਜਿਸ ਨੂੰ ਸਾਥੀ ਅਜੀਤ ਸਿੰਘ ਠਕਰ ਸੰਧੂ ਅਤੇ ਸਾਥੀ ਮਹਿੰਦਰ ਸਿੰਘ ਨੇ ਸੰਬੋਧਨ ਕੀਤਾ।

ਗੁਰਦਾਸਪੁਰ ਜ਼ਿਲੇ ਵਿਚ ਕੋਈ ਵੀ ਪ੍ਰਾਈਵੇਟ ਬੱਸ ਸੜਕ ਤੇ ਨਾ ਵੇਖੀ ਗਈ।

ਮੁਕੇਰੀਆਂ—ਕਸਬਾ ਮੁਕੇਰੀਆਂ ਵਿਚ ਅੱਜ ਸਵੇਰੇ ਪੁਲਸ ਵਲੋਂ ਜਬਰੀ ਦੁਕਾਨਾਂ ਬੰਦ ਕਰਵਾਉਣ ਦੇ ਬਾਵਜੂਦ ਇਕ ਵੀ ਦੁਕਾਨ ਨਾ ਖੁਲ੍ਹੀ। ਇਸ ਤੋਂ ਬਿਨਾਂ ਸ਼ਹਿਰ ਵਿਚ ਹੋਰ ਆਵਾਜਾਈ ਵੀ ਠੱਪ ਰਹੀ। ਪੁਲਸ ਨੇ ਸ਼ਹਿਰ ਵਿਚ ਬੰਦ ਦੇ ਸਬੰਧ ਵਿਚ ਮਾਰਚ ਕਰ ਰਹੇ ਬੰਦ ਸਮਰਥਕ ਵਰਕਰਾਂ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰ ਕੀਤੇ ਗਏ ਵਰ-ਕਰ ਹਨ। ਸਰਬ ਸਾਥੀ ਗੁਰਮੇਲ ਸਿੰਘ ਰਣਜੀਤ ਸਿੰਘ. ਮੁਲਖ ਰਾਜ, ਕਰਨੈਲ ਸਿੰਘ, ਸੁਰਿੰਦਰ ਸਿੰਘ, ਭੁਪਿੰਦਰ ਸਿੰਘ, ਸੀਤਲ ਸਿੰਘ, ਕਸਤੂਰੀ ਲਾਲ, ਸੁਨੀਲ ਕੁਮਾਰ, ਚਾਨਣ ਸਿੰਘ, ਫਕੀਰ ਚੰਦ, ਕੁਲਦੀਪ ਸਿੰਘ, ਮਹਿੰਦਰ ਲਾਲ, ਰਾਮ-ਪਾਲ, ਕੁਲਵੰਤ ਸਿੰਘ, ਰਾਮ ਸਿੰਘ, ਸਤ-ਪਾਲ ਸਿੰਘ, ਪਰਮਜੀਤ ਸਿੰਘ, ਕਿਸਾਨ ਆਗੂ ਬਲਦੇਵ ਸਿੰਘ ਪੋਤਾ, ਮਹਿੰਗਾ ਸਿੰਘ, ਸ਼ੇਰ ਸਿੰਘ, ਜਸਵੰਤ ਸਿੰਘ, ਬਚਿੱ-ਤਰ ਸਿੰਘ ਤੇ ਜੁਗਿੰਦਰ ਸਿੰਘ।

ਨਕੋਦਰ——ਅੱਜ ਏਥੇ ਸ਼ਹਿਰ ਮੁਕੰਮਲ ਤੌਰ 'ਤੇ ਬੰਦ ਰਿਹਾ। ਸਾਰੇ ਹੀ ਵੱਡੇ ਕਾਰਖਾਨੇ ਅਤੇ ਬੈਂਕ ਬੰਦ ਸਨ। ਸਰਕਾਰੀ ਬੱਸ ਸੇਵਾ ਕੇਵਲ ਪੰਜ ਫੀਸਦੀ ਹੀ ਚਲੀ। ਪ੍ਰਾਈਵੇਟ ਬੱਸਾਂ ਬਿਲਕੁਲ ਹੀ ਬੰਦ ਸਨ।

ਵਿਸ਼ਕਰਮਾਂ ਪਾਰਕ ਵਿਚ ਵਿਸ਼ਾਲ ਰੈਲੀ ਹੋਈ ਜਿਸ ਨੂੰ ਬੰਦ ਸਮਰਥਕ ਪਾਰਟੀਆਂ ਦੇ ਨੇਤਾਵਾਂ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਸਫਲ ਐਕਸ਼ਨ ਤੇ ਲੋਕਾਂ ਨੂੰ ਵਧਾਈ ਦਿਤੀ।

ਨਕੋਦਰ ਸ਼ਹਿਰ ਵਿਚ ਰਿਕਸ਼ੇ ਅਤੇ ਟਾਂਗੇ ਵੀ ਨਹੀਂ ਸਨ ਚਲ ਰਹੇ ਅਤੇ ਸਬਜ਼ੀ ਮੰਡੀ ਵੀ ਭਾਂ ਭਾਂ ਕਰ ਰਹੀ ਸੀ।

ਕਸਬਾ ਮਹਿਤਪੁਰ, ਸ਼ਾਹਕੋਟ, ਲੋਹੀਆਂ, ਉੱਗੀ ਚਿੱਟੀ, ਸਰੀਂਹ ਸ਼ੰਕਰ ਤੋਂ ਵੀ ਮੁਕੰਮਲ ਬੰਦ ਦੀਆਂ ਖਬਰਾਂ ਮਿਲੀਆਂ ਹਨ।

ਕਸਬਾ ਜਮਸ਼ੇਰ ਵਿਚ ਬੰਦ ਮੁਕੰਮਲ ਰਿਹਾ। ਇਥੇ ਦੋ ਰੈਲੀਆਂ ਕੀਤੀਆਂ ਗਈਆਂ ਅਤੇ ਬੱਸ ਅੱਡੇ ਤੇ ਟਰੈਫਿਕ ਜਾਮ ਕੀਤਾ ਗਿਆ। ਰੈਲੀਆਂ ਨੂੰ ਪੰਜਾਬ ਕਿਸਾਨ ਸਭਾ ਦੇ ਜਿਲਾ ਸਕੱਤਰ ਸਾਥੀ ਦਲਜੀਤ ਸਿੰਘ ਜੌਹਲ, ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲਾ ਸਕੱਤਰ ਸਾਥੀ ਵਾਸਦੇਵ ਜਮਸ਼ੇਰ, ਬਲਦੇਵ ਸਿੰਘ ਨੂਰਪੁਰੀ, ਡੀ. ਵਾਈ. ਐਫ. ਆਈ. ਆਗੂ ਸਾਥੀ ਕੁਲਦੀਪ ਸਹੋਤਾ, ਤਹਿਸੀਲ ਕਿਸਾਨ ਸਭਾ ਦੇ ਸਕੱਤਰ ਸਾਥੀ ਕਰਤਾਰ ਸਿੰਘ ਨੂਰਪੁਰੀ ਨੇ ਸੰਬੋਧਨ ਕੀਤਾ।

ਰੈਲੀ ਵਿਚ ਸ਼ਾਮਲ ਹੋਣ ਤੋਂ ਬਾਦ ਜਦ ਲੋਕ ਵਾਪਸ ਆਪਣੇ ਘਰਾਂ ਨੂੰ ਆ ਰਹੇ ਸਨ ਤਾਂ ਪੁਲਸ ਨੇ ਉਹਨਾਂ ਪਿਛੇ ਗਲੀਆਂ ਵਿਚ ਭੱਜ ਕੇ ਉਹਨਾਂ ਨੂੰ ਕੁਟਿਆ ਮਾਰਿਆ ਤੇ ਗਾਲੀ ਗਲੋਚ ਕੀਤਾ। ਪੁਲਸ ਨੇ ਕਿਸਾਨ ਆਗੂ ਸਾਥੀ ਕਰਤਾਰ ਸਿੰਘ ਨੂਰਪੁਰੀ ਅਤੇ ਪਿੰਡ ਧੀਣਾ ਦੇ ਹੀ ਸਾਥੀ ਧਰਮਪਾਲ ਨੂੰ ਗ੍ਰਿਫਤਾਰ ਕਰ ਲਿਆ।

ਕਸਬਾ ਜੰਡਿਆਲਾ ਵਿਚ ਵੀ ਬੰਦ ਨੂੰ ਲਾਮਿਸਾਲ ਹੁੰਗਾਰਾ ਮਿਲਿਆ। ਇਥੇ ਕੋਈ ਵੀ ਦੁਕਾਨ ਜਾਂ ਢਾਬਾ ਖੁਲ੍ਹਾ ਹੋਇਆ ਨਹੀਂ ਸੀ।

## ਰੰਧਾਵਾ ਵਲੋਂ ਨਿਖੇਧੀ

ਇਸੇ ਦੌਰਾਨ ਸੀ. ਪੀ. ਆਈ. (ਐਮ) ਪੰਜਾਬ ਦੇ ਐਕਟਿੰਗ ਸਕੱਤਰ ਸਾਥੀ ਗੁਰਚਰਨ ਸਿੰਘ ਰੰਧਾਵਾ ਨੇ ਜਮਸ਼ੇਰ ਨੇੜੇ ਜੰਡਿਆਲਾ ਨੂੰ ਜਾ ਰਹੇ ਪਾਰਟੀ ਵਰਕਰਾਂ ਤੇ ਪੁਲਸ ਜਬਰ ਦੀ ਨਿਖੇਧੀ ਕੀਤੀ ਹੈ।

ਉਹਨਾਂ 'ਲੋਕ ਲਹਿਰ' ਨਾਲ ਇਕ ਗੈਰ-ਰਸਮੀ ਗਲਬਾਤ ਦੌਰਾਨ ਦਸਿਆ ਕਿ ਪੁਲਸ ਨੇ 150 ਦੇ ਲਗਭਗ ਪਾਰਟੀ ਵਰਕਰਾਂ ਨੂੰ ਜੰਡਿਆਲਾ ਤੋਂ ਗ੍ਰਿਫਤਾਰ ਕਰ ਕੇ ਜਮਸ਼ੇਰ ਲਿਆ ਕੇ ਛੱਡ ਦਿਤਾ। ਜਦ ਇਹ ਵਰਕਰ ਵਾਪਸ ਜੰਡਿਆਲੇ ਨੂੰ ਜਾ ਰਹੇ ਸਨ ਤਾਂ ਬੇਈਂ ਦੇ ਪੁਲ ਉਪਰ ਐਸ. ਪੀ. ਸੁਰਜੀਤ ਸਿੰਘ ਬੈਂਸ ਦੀ ਅਗਵਾਈ ਵਿਚ ਬੈਠੀ ਪੁਲਸ ਦੀ ਧਾੜ ਨੇ ਉਹਨਾਂ ਉਪਰ ਅੰਨੇਵਾਹ ਲਾਠੀਚਾਰਜ ਕੀਤਾ। ਐਸ. ਪੀ. ਨੇ ਖੁਦ ਪਾਰਟੀ ਵਰਕਰਾਂ ਨੂੰ ਕੁੱਟਿਆ ਮਾਰਿਆ।

ਸਾਥੀ ਰੰਧਾਵਾ ਨੇ ਪੁਲਸ ਦੀ ਇਸ ਵਹਿਸ਼ੀ ਕਾਰਵਾਈ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ।

ਪਟਿਆਲਾ—ਏਥੋਂ ਵੀ ਸ਼ਹਿਰ ਵਿਚ ਲਗ ਭਗ ਮੁਕੰਮਲ ਹੜਤਾਲ ਦੀਆਂ ਖਬਰਾਂ ਮਿਲੀਆਂ ਹਨ। ਸ਼ਹਿਰ ਵਿਚ ਸਰ-ਕਾਰੀ ਬੱਸਾਂ ਘੱਟ ਹੀ ਵਿਖਾਈ ਦੇ ਰਹੀਆਂ ਸਨ।

ਪੰਜਾਬੀ ਯੂਨੀਵਰਸਟੀ ਪਟਿਆਲਾ ਦੇ ਗੇਟ ਅੱਗੇ ਵਿਦਿਆਰਥੀਆਂ ਨੇ ਅੱਜ ਸਵੇਰੇ ਸੜਕ ਟਰੈਫਿਕ ਰੋਕਣ ਲਈ ਧਰਨਾ ਦਿਤਾ। ਪੁਲਸ ਨੇ ਇਹਨਾਂ ਨੂੰ ਗ੍ਰਿਫਤਾਰ ਕਰ ਲਿਆ। ਪਟਿਆਲਾ-ਰਾਜਪੁਰਾ ਸੜਕ ਉਤੇ ਟਰੈਫਿਕ ਇਕ ਤਰਾਂ ਨਾਲ ਬੰਦ

ਸੀ।

ਪਟਿਆਲਾ ਜ਼ਿਲੇ ਦੇ ਘਨੌਰ, ਗੋਬਿੰਦਗੜ ਤੇ ਜ਼ੀਰਕਪੁਰ ਕਸਬਿਆਂ ਅੰਦਰ ਵੀ ਮੁਕੰਮਲ ਬੰਦ ਰਿਹਾ।

ਰਾਜਪੁਰਾ – ਸਨਅੱਤੀ ਪੱਟੀ ਅਤੇ ਕਸਬਾ ਰਾਜਪੁਰਾ ਅੱਜ ਮੁਕੰਮਲ ਬੰਦ ਰਿਹਾ। ਸ਼ਹਿਰ ਵਿਚ ਮਜ਼ਦੂਰਾਂ ਨੇ ਭਾਰੀ ਜਲੂਸ ਕਢਿਆ ਅਤੇ ਫੇਰ ਪਿਛੋਂ ਚੌਂਕ ਵਿਚ ਰੈਲੀ ਕੀਤੀ। ਇਸ ਰੈਲੀ ਨੂੰ ਸੀ. ਪੀ. ਆਈ. (ਐਮ) ਆਗੂਆਂ ਸਾਥੀ ਬਲਵੰਤ ਸਿੰਘ, ਸਾਥੀ ਪਰੇਮ ਸਿੰਘ ਐਡਵੋਕੇਟ, ਸਾਥੀ ਤਰਲੋਚਨ ਸਿੰਘ ਅਤੇ ਸਾਥੀ ਬਰਿਜ ਮੋਹਨ ਅਤੇ ਸੀ. ਪੀ. ਆਈ ਆਗੂਆਂ ਸਾਥੀ ਕੁਲਵੰਤ ਬੈਨੀਵਾਲ, ਸਾਥੀ ਬਨਾਰਸੀ ਦਾਸ ਖਜ਼ਾਨ ਸਿੰਘ ਅਤੇ ਸਾਥੀ ਭੰਡਾਰੀ ਨੇ ਸੰਬੋਧਨ ਕੀਤਾ।

ਸ਼ਹਿਰ ਵਿਚ ਸਵੇਰ ਸਮੇਂ ਜੀ. ਟੀ. ਰੋਡ ਤੇ ਕੁਝ ਬੱਸਾਂ ਵਖਾਈ ਦਿਤੀਆਂ ਪਰ ਪਿਛੋਂ ਕੋਈ ਬੱਸ ਨਾ ਵਿਖੀ ਗਈ। ਚਾਰਾ ਮੰਡੀ ਵਿਚ ਵੀ ਮੁਕੰਮਲ ਹੜਤਾਲ ਰਹੀ।

ਬਨੂੜ, ਡੇਰਾ ਬੱਸੀ, ਬਹਾਦਰਗੜ ਐਸਕਾਰਡ ਫੈਕਟਰੀ ਵਿਚ ਵੀ ਮੁਕੰਮਲ ਹੜਤਾਲ ਦੀਆਂ ਖਬਰਾਂ ਪੁਜੀਆਂ ਹਨ।

ਕਪੂਰਥਲਾ—ਸ਼ਹਿਰ ਵਿਚ ਮੁਕੰਮਲ ਬੰਦ ਹੋਣ ਦੀ ਰੀਪੋਰਟ ਪ੍ਰਾਪਤ ਹੋਈ ਹੈ। ਕੇਵਲ ਖਾਣ ਪੀਣ ਵਾਲੀਆਂ ਦੁਕਾਨਾਂ ਹੀ ਖੁਲੀਆਂ ਸਨ। ਸੜਕਾਂ ਉਤੇ ਆਵਾਜਾਈ ਵੀ ਬਹੁਤ ਸੀ। ਮੁਖ ਬੱਸ ਅਡੇ ਤੋਂ ਬਹੁਤ ਹੀ ਘੱਟ ਬੱਸਾਂ ਚਲੀਆਂ ਜਿਹੜੀਆਂ ਚਲੀਆਂ ਉਹਨਾਂ ਵਿਚ ਵੀ ਮੁਸਾਫਰ ਬਹੁਤ ਘੱਟ ਸਨ।

ਕਚਹਿਰੀਆਂ ਵਿਚ ਵੀ ਕੋਈ ਰੌਣਕ ਵਖਾਈ ਨਹੀਂ ਸੀ ਦੇ ਰਹੀ ਭਾਵੇਂ ਕਿ ਅਦਾਲਤਾਂ ਖੁਲੀਆਂ ਸਨ।

ਸ਼ਹਿਰ ਦੀਆਂ ਸਭੇ ਹੀ ਸਨਅੱਤਾਂ ਠੱਪ ਸਨ।

ਕਪੂਰਥਲਾ ਵਿਖੇ ਅਪੋਜ਼ੀਸ਼ਨ ਪਾਰਟੀਆਂ ਨੇ ਰੈਲੀ ਕੀਤੀ ਜਿਸ ਨੂੰ ਸਾਥੀ ਧੰਨਪਤ ਰਾਏ ਨਾਹਰ, ਸਾਥੀ ਚੈਨ ਸਿੰਘ ਚੈਨ, ਸੇਠ ਹੁਕਮ ਚੰਦ ਨੇ ਸੰਬੋਧਨ ਕੀਤਾ।

ਸਵੇਰ ਸਮੇਂ ਪੁਲਿਸ ਨੇ 30 ਬਿਜਲੀ ਮੁਲਾਜ਼ਮਾਂ ਅਤੇ 45 ਪੀ. ਆਰ. ਟੀ. ਸੀ. ਮੁਲਾਜ਼ਮਾਂ ਨੂੰ ਫੜ ਲਿਆ।

ਸੁਲਤਾਨਪੁਰ ਲੋਧੀ ਅਤੇ ਢਿਲਵਾਂ, ਭੁਲੱਥ ਕਸਬਿਆਂ ਤੋਂ ਵੀ ਹੜਤਾਲ ਦੀਆਂ ਖਬਰਾਂ ਪੁਜੀਆਂ ਹਨ।

ਕਰਤਾਰਪੁਰ—ਸ਼ਹਿਰ ਵਿਚ ਅਜ ਮੁਕੰਮਲ ਹੜਤਾਲ ਰਹੀ। ਫਰਨੀਚਰ ਮਾਰਕੀਟ ਮੁਕੰਮਲ ਤੌਰ ਤੇ ਠੱਪ ਸੀ। ਬੱਸ ਸਟੈਂਡ ਉਤੇ ਵੀ ਕੋਈ ਰੌਣਕ ਨਹੀਂ ਸੀ। ਮੁਕਾਮੀ ਬੱਸ ਸੇਵਾ ਠੱਪ ਸੀ ਅਤੇ ਹੋਰ ਥਾਵਾਂ ਨੂੰ ਵੀ ਏਥੋਂ ਕੋਈ ਬੱਸ ਸੇਵਾ ਨਾ ਚਲੀ। ਟੈਂਪੂ ਅਤੇ ਰਿਕਸ਼ੇ ਵੀ ਬੰਦ ਸਨ।

ਲੁਧਿਆਣਾ (ਕੁਲਦੀਪ ਸਿੰਘ) — ਅੱਜ ਲੁਧਿਆਣਾ ਸ਼ਹਿਰ ਵਿਚ ਤੇ ਜ਼ਿਲੇ ਦੇ ਕਸਬਿਆਂ ਜਗਰਾਓਂ, ਰਾਏਕੋਟ, ਸਾਹਨੇਵਾਲ, ਮੁੱਲਾਂਪੁਰ, ਖੰਨਾ, ਮਲੋਦ, ਕਿਲਾ ਰਾਏਪੁਰ ਵਿਚ ਮੁਕੰਮਲ ਬੰਦ ਰਿਹਾ।

ਘੰਟਾ ਘਰ ਚੌਂਕ ਵਿਚ ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਸਾਥੀ ਕੁਲਦੀਪ ਸਿੰਘ, ਸ਼ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਕਿਰਪਾਲ ਸਿੰਘ ਭੀਖੀ, ਜਨਤਾ ਪਾਰਟੀ ਦੇ ਸ੍ਰੀ ਜਗਦੀਸ਼ ਅਨੰਦ, ਸੀ. ਪੀ. ਆਈ. ਦੇ ਸਾਥੀ ਓਮ ਪ੍ਰਕਾਸ਼ ਮਹਿਤਾ ਤੇ ਆਰ. ਪੀ. ਆਈ. ਦੇ ਸ੍ਰੀ ਅਮਰਜੀਤ ਸਿੰਘ ਦੀ ਪ੍ਰਧਾਨਗੀ ਵਿਚ ਧਰਨਾ ਦਿਤਾ ਗਿਆ।

ਰੈਲੀ ਨੂੰ ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਪੰਜਾਬ ਸੂਬਾ ਕਮੇਟੀ ਦੇ ਸਕੱਤਰੇਤ ਦੇ ਮੈਂਬਰ ਸਾਥੀ ਮੋਹਨ ਸਿੰਘ ਜੰਡਿਆਲਾ, ਸੀ. ਪੀ. ਆਈ. (ਐਮ) ਦੇ ਜ਼ਿਲਾ ਸਕੱਤਰ ਸਾਥੀ ਰਛਪਾਲ ਸਿੰਘ, ਸੀ. ਪੀ. ਆਈ (ਐਮ) ਦੇ ਕੁਲਦੀਪ ਸਿੰਘ ਤੇ ਤਰਸੇਮ ਲਾਲ ਜੋਧਾਂ, ਅਕਾਲੀ ਦਲ (ਲ) ਦੇ ਕਿਰਪਾਲ ਸਿੰਘ ਭੀਖੀ ਤੇ ਜਗਦੇਵ ਸਿੰਘ ਤਾਜਪੁਰੀ, ਜਨਤਾ ਪਾਰਟੀ ਦੇ ਦਵਿੰਦਰ ਜੈਨ, ਆਰ. ਪੀ. ਆਈ. ਦੇ ਚੌਧਰੀ ਰੱਤੀ ਰਾਮ ਤੇ ਆਲ ਇੰਡੀਆ ਲਾਈਅਰਜ਼ ਯੂਨੀਅਨ ਦੇ ਨੇਤਾ ਸਾਥੀ ਮਹਿੰਦਰ ਸਿੰਘ ਗਰੇਵਾਲ ਨੇ ਸੰਬੋਧਨ ਕੀਤਾ।

1500 ਦੇ ਕਰੀਬ ਇਸ ਇਕ-ਤਰਤਾ ਵਿਚ ਸਨਅਤੀ ਮਜ਼ਦੂਰ ਵੀ ਭਾਰੀ ਗਿਣਤੀ ਵਿਚ ਸ਼ਾਮਲ ਹੋਏ।

ਸ਼ਹਿਰ ਵਿਚ ਮੁਕੰਮਲ ਹੜਤਾਲ ਰਹੀ। ਚੀਮਾਂ ਚੌਂਕ ਤੇ ਹੋਰ ਥਾਵਾਂ ਤੇ ਸਨਅਤੀ ਮਜ਼ਦੂਰਾਂ ਦੀਆਂ ਰੈਲੀਆਂ ਵੀ ਹੋਈਆਂ।

ਦੋਰਾਹਾ—ਦੋਰਾਹਾ ਕਸਬੇ ਵਿਚ ਬੰਦ 100 ਫੀਸਦੀ ਰਿਹਾ। ਕੋਈ ਵੀ ਹੋਟਲ, ਢਾਬਾ ਤੇ ਹੋਰ ਦੁਕਾਨ ਖੁੱਲੀ ਹੋਈ ਨਹੀਂ ਸੀ। ਕਰਿਆਨਾ ਯੂਨੀਅਨ, ਹਲਵਾਈ ਯੂਨੀਅਨ, ਰੇੜੀ ਯੂਨੀਅਨ ਵਲੋਂ ਬੰਦ ਨੂੰ ਪੁਰਜੋਸ਼ ਹੁੰਗਾਰਾ ਮਿਲਿਆ।

ਸ਼ਹਿਰ ਵਿਚ ਇਕ ਸਾਂਝੀ ਰੈਲੀ ਕੀਤੀ ਗਈ ਜਿਸ ਵਿਚ ਭਾਰੀ ਗਿਣਤੀ 'ਚ ਮੁਲਾਜ਼ਮ ਵੀ ਸ਼ਾਮਲ ਹੋਏ। ਇਸ ਰੈਲੀ ਨੂੰ ਸੀ. ਪੀ. ਆਈ (ਐਮ) ਦੇ ਸਰਵ ਸਾਥੀ ਲਖਵਿੰਦਰ ਸਿੰਘ ਤੇ ਨਾਹਰ ਸਿੰਘ, ਸੀ. ਪੀ. ਆਈ. ਦੇ ਸਾਥੀ ਜਗੀਰ ਸਿੰਘ ਤੇ ਰਜਿੰਦਰ ਅਨੰਦ, ਜੀ. ਟੀ. ਯੂ. ਦੇ ਸ੍ਰੀ ਜਗਦੇਵ ਸਿੰਘ, ਪਵਨ ਕੌਂਸਲ. ਗੁਰਮੀਤ ਸਿੰਘ ਚੀਮਾਂ, ਪੀ. ਐਸ. ਟੀ, ਸੀ ਵਰਕਰਜ਼ ਯੂਨੀਅਨ ਦੇ ਸ੍ਰੀ ਗੁਲਜ਼ਾਰ ਸਿੰਘ, ਟੀ. ਐਸ. ਯੂ. ਦੇ ਸ੍ਰੀ ਜਗੀਰ ਸਿੰਘ, ਬਿਜਲੀ ਬੋਰਡ ਫੈਡਰੇਸ਼ਨ ਦੇ ਸ੍ਰੀ ਵਚਿਤਰ ਸਿੰਘ ਤੇ ਹੋਰਨਾਂ ਨੇ ਸੰਬੋਧਨ ਕੀਤਾ।

ਫਿਲੌਰ—ਇਸ ਤਹਿਸੀਲਦੇ ਕਸਬਿਆਂ ਫਲੌਰ, ਗੋਰਾਇਆ, ਨੂਰਮਹਿਲ, ਅਪਰਾ, ਜੰਡਿਆਲਾ, ਬੁੰਡਾਲਾ, ਰੁੜਕਾ ਕਲਾਂ, ਬਿਲਗਾ ਤੇ ਦੁਸਾਂਝ ਕਲਾਂ ਵਿਚ ਮੁਕੰਮਲ ਬੰਦ ਰਿਹਾ।

ਸੀ. ਪੀ. ਆਈ. (ਐਮ) ਦੀ ਜਲੰਧਰ ਜ਼ਿਲਾ ਕਮੇਟੀ ਦੇ ਸਕੱਤਰ ਸਾਥੀ ਸਰਵਣ ਸਿੰਘ ਚੀਮਾ ਨੇ ਇਥੇ ਰੋਜ਼ਾਨਾ ਲੋਕ ਲਹਿਰ ਨਾਲ ਗਲਬਾਤ ਕਰਦੇ ਹੋਏ ਕਿਹਾ ਕਿ ਕਿਸੇ ਵੀ ਕਸਬੇ ਵਿਚ ਕੋਈ ਫੈਕਟਰੀ, ਕੋਈ ਦੁਕਾਨ ਤੇ ਕੋਈ ਅਦਾਰੇ ਨੇ ਕੰਮ ਨਹੀਂ ਕੀਤਾ। ਨਾ ਹੀ ਕੋਈ ਟਰੱਕ, ਮੈਟਾਡੋਰ, ਟਾਂਗਾ ਜਾਂ ਰਿਕਸ਼ਾ ਚਲਿਆ।

ਸਾਥੀ ਚੀਮਾ ਨੇ ਦਸਿਆ ਕਿ ਬੜਾ ਪਿੰਡ, ਨਹਾਰ, ਪ੍ਰਤਾਪਪੁਰਾ, ਮੌਊ, ਸੰਗ ਦੋਸੀਆਂ, ਮਿਆਣੀ ਤੇ ਫਰਵਾਲਾ ਅੱਡੇ ਵੀ ਮੁਕੰਮਲ ਤੌਰ ਤੇ ਬੰਦ ਰਹੇ।

ਸੀ. ਪੀ. ਆਈ (ਐਮ) ਜ਼ਿਲਾ ਸਕੱਤਰ ਅਨੁਸਾਰ ਮਠੱਡੇ ਨੇੜੇ ਜੀ. ਟੀ. ਰੋਡ ਤੇ ਸੀ. ਪੀ. ਆਈ (ਐਮ) ਤੇ ਦੂਜੀਆਂ ਪਾਰਟੀਆਂ ਦੇ ਲਗਭਗ 2500 ਵਰਕਰਾਂ ਨੇ ਜੀ. ਟੀ. ਰੋਡ ਤੇ ਟਰੈਫਿਕ ਜਾਮ ਕੀਤਾ। ਜਦੋਂ ਟਰੈਫਿਕ ਜਾਮ ਚਲ ਰਿਹਾ ਸੀ ਤਾਂ ਐਸ. ਪੀ. ਸ੍ਰੀ ਸਵਰਨ ਸਿੰਘ ਦੀ ਅਗਵਾਈ ਵਿਚ ਭਾਰੀ ਪੁਲਸ ਫੋਰਸ ਮੌਕੇ ਤੇ ਪੁਜ ਗਈ ਤੇ ਸ੍ਰੀ ਸਵਰਨ ਸਿੰਘ ਨੇ ਸਾਥੀ ਚੀਮਾ ਨਾਲ ਗਲਬਾਤ ਕੀਤੀ। ਤੈਅ ਇਹ ਹੋਇਆ ਕਿ ਇਕ ਘੰਟਾ ਜਾਮ ਕਰਕੇ ਟਰੈਫਿਕ ਖੋਲ ਦਿਤੀ ਜਾਵੇਗੀ। ਜਦੋਂ ਅਪੋਜ਼ੀਸ਼ਨ ਕਾਰਕੁਨ ਟਰੈਫਿਕ ਜਾਮ ਖਤਮ ਕਰਨ ਦੀਆਂ ਤਿਆਰੀਆਂ ਕਰ ਰਹੇ ਸਨ ਉਦੋਂ ਅਚਾਨਕ ਫਿਲੌਰ ਤੋਂ ਆਈ ਪੰਜਾਬ ਪੁਲਸ ਤੇ ਸੀ. ਆਰ. ਪੀ. ਦੀ ਟੋਲੀ ਨੇ ਧਰਨਾਕਾਰੀਆਂ ਤੇ ਹਮਲਾ ਕਰ ਦਿਤਾ। ਇਸ ਬੁਰੀ ਤਰਾਂ ਹੋਏ ਲਾਠੀਚਾਰਜ ਦੌਰਾਨ 30-35 ਸਾਥੀ ਜ਼ਖਮੀ ਹੋ ਗਏ ਜਿਹਨਾਂ ਵਿਚ 85 ਸਾਲ ਬਜ਼ੁਰਗ ਪ੍ਰਤਾਪ ਸਿੰਘ ਜੱਜਾਂ ਕਲਾਂ ਤੇ ਕਰਨੈਲ ਸਿੰਘ ਫਲੌਰ ਗੰਭੀਰ ਜ਼ਖਮੀ ਹਨ।

ਭਾਰਤ ਬੰਦ ਦੇ ਸਬੰਧ ਵਿਚ ਫਿਲੌਰ ਵਿਖੇ 100% ਹੜਤਾਲ ਰਖੀ ਗਈ ਸੀ. ਪੀ. ਆਈ. (ਐਮ), ਸੀ. ਪੀ. ਆਈ ਵਰਕਰਾਂ ਸਾਥੀ ਕਰਨੈਲ ਸਿੰਘ, ਪਿਆਰਾ ਸਿੰਘ, ਹਰਜੀਤ ਸਿੰਘ ਸਵਰਨ ਸਿੰਘ ਅਕਲਪੁਰੀ, ਗੁਰਦੀਪ ਸਿੰਘ ਅਣਖੀ ਦੇਵ, ਮਹਿੰਦਰਪਾਲ, ਲਛਮਣ ਦਾਸ, ਰੋਨਕੀ ਰਾਮ, ਦੀ ਅਗਵਾਈ ਹੇਠ 200 ਤੋਂ ਵਧ ਵਰਕਰਾਂ ਦਾ ਜਥਾ ਸ਼ਹਿਰ ਵਿਚ ਘੁਮਿਆ ਅਤੇ ਲੋਕਾਂ ਨੂੰ ਦੁਕਾਨਾਂ ਬੰਦ ਰਖਣ ਲਈ ਧੰਨਵਾਦ ਕੀਤਾ ਅੱਤਵਾਦ, ਵੱਖਵਾਦ ਵਿਰੁਧ ਨਾਅਰੇ ਲਾਏ ਗਏ ਹਿੰਦੂ ਸਿੱਖ ਏਕਤਾ ਬਨਾਈ ਰਖਣ ਦੀ ਅਪੀਲ ਕੀਤੀ ਗਈ। ਪੁਲਸ ਨੇ 5 ਵਰਕਰਾਂ ਸਾਥੀ ਦੇਵ, ਪਿਆਰਾ ਸਿੰਘ ਦਰਸ਼ਨ ਸਿੰਘ ਅਤੇ ਦੋ ਹੋਰ ਸਾਥੀਆਂ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਬਾਅਦ ਵਿਚ ਛਡ ਦਿਤਾ ਗਿਆ ਬੰਦ ਪੁਰਅਮਨ ਸੀ, ਬਰਾਂਚਾਂ ਨੂੰ ਕੋਈ ਬੱਸ ਟੈਂਪੂ ਆਦਿ ਨਹੀਂ ਗਿਆ, ਨਾ

ਹੀ ਪਿੰਡਾਂ ਤੋਂ ਲੋਕ ਚਾਰਾ, ਦੁਧ ਲੈ ਕੇ ਸ਼ਹਿਰ ਵਿਚ ਆਏ ਟਰੱਕ ਯੂਨੀਅਨ, ਟੈਕਸੀ ਯੂਨੀਅਨ, ਖੋਖਾ ਰੇਹੜੀ ਬਜਾਰ, ਹਲਵਾਈ, ਕਰਿਆਨਾ ਮਨਿਆਰੀ, ਸਬਜੀ ਮੰਡੀ, ਖੇਤ ਮਜ਼ਦੂਰ ਯੂਨੀਅਨਾਂ ਵਲੋਂ ਬੰਦ ਵਿਚ ਹਿਸਾ ਪਾਇਆ ਗਿਆ,ਬਿਜਲੀ ਕਾਮਿਆਂ, ਟੀ. ਸੀ. ਯੂ ਵਲੋਂ ਵੀ ਬੰਦ ਦਾ ਪੂਰਾ 2 ਸਮਰਥਣ ਕੀਤਾ ਗਿਆ ਅਜ ਕਿਸੇ ਨੇ ਵੀ ਸਟਰੀਟ ਲਾਈਟਾਂ ਤਕ ਬੰਦ ਨਹੀਂ ਕੀਤੀਆਂ ਜੋ ਸਾਰਾ ਦਿਨ ਜਗਦੀਆਂ ਰਹੀਆਂ। ਜੀ. ਟੀ. ਰੋਡ ਤੇ ਟਾਂਵੀ ਟਾਂਵੀ ਰੋਡਵੇਜ ਦੀ ਬੱਸ ਚਲ ਰਹੀ ਸੀ ਉਹਵੀ ਪੁਲਸ ਦੀ ਸਹਾਇਤਾ ਨਾਲ ਫਿਲੌਰ ਤੋਂ ਇਲਾਵਾ ਗੋਰਾਇਆ, ਨੂਰਮਹਿਲ ਅਪਰਾ, ਬਿਲਗਾ ਤੋਂ ਵੀ ਬੰਦ ਦੇ ਸਮਾਚਾਰ ਮਿਲੇ ਹਨ।

ਕਸਬਾ ਬੰਗਾ ਵਿਚ ਵੀ ਬੰਦ ਬਿਲਕੁਲ ਮੁਕੰਮਲ ਰਿਹਾ। ਇਥੇ ਇਕ ਭਰਵੀਂ ਰੈਲੀ ਕੀਤੀ ਗਈ ਜਿਸ ਨੂੰ ਸੀ. ਪੀ. ਆਈ (ਐਮ) ਦੇ ਸਰਵ ਸਾਥੀ ਹਰਬੰਸ ਸਿੰਘ ਬੀਕਾ, ਰਾਮ ਸਿੰਘ ਨੂਰਪੁਰੀ ਅਤੇ ਸੀ.ਪੀ. ਆਈ ਦੇ ਸਾਥੀ ਮਲਕੀਅਤ ਚੰਦ ਮੇਹਲੀ ਨੇ ਸੰਬੋਧਨ ਕੀਤਾ।

ਨਵਾਂ ਸ਼ਹਿਰ ਤਹਿਸੀਲ ਬੰਦ ਨੂੰ ਭਰਮਾ ਹੁੰਗਾਰਾ ਮਿਲਿਆ। ਨਵਾਂ ਸ਼ਹਿਰ ਅੰਦਰ ਇਕ ਘੰਟਾ ਟਰੈਫਿਕ ਜਾਮ ਕਰਕੇ ਭਰਵੀਂ ਰੈਲੀ ਕੀਤੀ ਗਈ ਜਿਸ ਨੂੰ ਸੀ. ਪੀ. ਆਈ (ਐਮ) ਦੇ ਤਹਿਸੀਲ ਸਕੱਤਰ ਸਾਥੀ ਕੇਸਰ ਸਿੰਘ ਸੂਰਾਪੁਰੀ, ਚਰਨਜੀਤ ਥਾਂਦੀ, ਹਰਬੰਸ ਬੀਕਾ, ਤੇ ਨੂਰਪੁਰੀ ਅਤੇ ਐਸ. ਐਫ. ਆਈ ਦੇ ਤਾਰਾ ਸਿੰਘ ਉਸਮਾਨਪੁਰੀ ਨੇ ਸੰਬੋਧਨ ਕੀਤਾ।

ਖੰਨਾ—ਖੰਨੇ ਵਿਚ ਭਾਰਤ ਬੰਦ ਦੇ ਸੱਦੇ ਦਾ ਪੂਰਾ ਹੁੰਗਾਰਾ ਮਿਲਿਆ। ਲਗ ਭਗ 3000 ਦੇ ਕਰੀਬ ਮੁਲਾਜ਼ਮ ਜਥੇਬੰਦੀਆਂ ਦੇ ਵਰਕਰਾਂ ਨੇ ਸ਼ਹਿਰ ਵਿਚ ਇਕ ਰੋਹ ਭਰਪੂਰ ਮੁਜ਼ਾਹਰਾ ਕੀਤਾ। ਸਾਰੇ ਸਰਕਾਰੀ ਤੇ ਅਰਧ-ਸਰਕਾਰੀ ਦਫਤਰ, ਬੈਂਕ ਤੇ ਬੀਮਾ ਦਫਤਰਾਂ ਵਿਚ ਕੰਮ ਕਾਜ ਪੂਰੀ ਤਰਾਂ ਠੱਪ ਰਿਹਾ। ਦੁਕਾਨਦਾਰਾਂ ਤੇ ਰੇਹੜੀ ਤੇ ਰਿਕਸ਼ਾ ਵਾਲਿਆਂ ਨੇ ਵੀ ਆਪਣਾ ਕਾਰੋਬਾਰ ਪੂਰੀ ਤਰਾਂ ਬੰਦ ਰਖਿਆ।

ਪ੍ਰਾਈਵੇਟ ਫੈਕਟਰੀਆਂ ਦੇ ਮੁਲਾਜ਼ਮਾਂ ਨੇ ਵੀ ਇਸ ਸੰਘਰਸ਼ ਵਿਚ ਹਿਸਾ ਲਿਆ। ਬਾਦ ਵਿਚ ਐਸ. ਡੀ. ਐਮ. (ਸ) ਦੇ ਦਫਤਰ ਅਗੇ ਰੈਲੀ ਕੀਤੀ ਤੇ ਮੰਗਾਂ ਸਬੰਧੀ ਇਕ ਮੈਮੋਰੰਡਮ ਦਿਤਾ। ਰੈਲੀ ਨੂੰ ਟਰੇਡ ਯੂਨੀਅਨ ਕੌਂਸਲ ਦੇ ਜਨਰਲ ਸਕੱਤਰ ਸਾਥੀ ਕਪਿਲ ਦੇਵ ਪਾਸੀ ਤੇ ਪ੍ਰਧਾਨ ਪਰਮਜੀਤ ਸਿੰਘ ਐਡਵੋਕੇਟ ਅਤੇ ਹੋਰ ਟਰੇਡ ਯੂਨੀਅਨ ਆਗੂਆਂ ਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਸੰਬੋਧਨ ਕੀਤਾ।

# ਭਾਰਤ ਬੰਦ

## ਭਾਰਤ ਬੰਦ ਦੀ ਸਫਲਤਾ ਤੇ ਵਧਾਈ

ਨਵੀਂ ਦਿੱਲੀ—ਭਾਰਤ ਬੰਦ ਦੀ ਸਫਲਤਾ ਤੇ ਹਿੰਦ ਕਮਿਊਨਿਸਟ ਪਾਰਟੀ (ਮ) ਦੇ ਪੋਲਿਟ ਬਿਊਰੋ ਵਲੋਂ ਹੇਠ ਲਿਖਿਆ ਬਿਆਨ ਜਾਰੀ ਕੀਤਾ ਗਿਆ ਹੈ :—

ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦਾ ਪੋਲਿਟ ਬਿਊਰੋ ਰਾਜੀਵ ਗਾਂਧੀ ਸਰਕਾਰ ਵਿਰੁਧ ਵੱਡੀ ਸਫਲਤਾ ਨਾਲ ਹੋਏ ਭਾਰਤ ਬੰਦ ਦੀ ਪ੍ਰਸੰਸਾ ਕਰਦਾ ਹੈ। ਇਸ ਬੰਦ ਦਾ ਦੇਸ ਭਰ ਦੇ ਕਰੋੜਾਂ ਲੋਕਾਂ ਨੇ ਵਧੀਆ ਹੁੰਗਾਰਾ ਭਰਿਆ ਅਤੇ ਉਹ ਇਸ ਤਾਕਤਵਰ ਰੋਸ ਐਕਸ਼ਨ ਵਿਚ ਸ਼ਾਮਲ ਹੋਏ। ਵੱਡੇ ਪੱਧਰ ਦੀਆਂ ਗ੍ਰਿਫਤਾਰੀਆਂ, ਲਾਠੀਚਾਰਜ, ਕਾਂਗਰਸ (ਆਈ) ਗੁੰਡਿਆਂ ਤੇ ਸਮਾਜ ਵਿਰੋਧੀ ਤੱਤਾਂ ਦੇ ਗੁੰਡੇ ਹਮਲਿਆਂ ਦਾ ਸਾਹਮਣਾ ਕਰਦੇ ਹੋਏ ਮਜ਼ਦੂਰ ਜਮਾਤ, ਕਿਸਾਨ, ਮੁਲਾਜ਼ਮ, ਔਰਤਾਂ, ਵਿਦਿਆਰਥੀਆਂ ਅਤੇ ਨੌਜਵਾਨਾਂ ਨੇ ਇਸ ਬੰਦ ਵਿਚ ਹਿਸਾ ਲਿਆ ਅਤੇ ਸਾਰੀਆਂ ਨਾਰਮਲ ਸਰਗਰਮੀਆਂ ਦਾ ਬਾਈਕਾਟ ਕਰਨ ਵਿਚ ਹਿਸਾ ਲਿਆ। ਉਹਨਾਂ ਕਾਂਗਰਸ ਸਰਕਾਰ ਅਤੇ ਇਸ ਦੀਆਂ ਨੀਤੀਆਂ ਵਿਰੁਧ ਬੇਭਰੋਸਗੀ ਪ੍ਰਗਟ ਕੀਤੀ।

ਪਬਲਿਕ ਸੈਕਟਰ ਦੇ ਮਜ਼ਦੂਰਾਂ ਦੀ ਤਿੰਨ ਦਿਨਾਂ ਹੜਤਾਲ ਜਿਹੜੀ 14 ਮਾਰਚ ਨੂੰ ਸ਼ੁਰੂ ਹੋਈ ਉਸਨੂੰ ਪਬਲਿਕ ਸੈਕਟਰ ਦੇ ਮਜ਼ਦੂਰਾਂ ਵਲੋਂ ਭਾਰੀ ਹੁੰਗਾਰਾ ਮਿਲਿਆ ਅਤੇ ਸਾਰੇ ਪ੍ਰਮੁਖ ਪਬਲਿਕ ਸੈਕਟਰ ਅਦਾਰਿਆਂ ਦਾ ਕੰਮਕਾਜ ਮੇਹਨਤਕਸ਼ ਲੋਕਾਂ ਦੇ ਦੂਸਰੇ ਵਰਗਾਂ ਦੇ ਹੜਤਾਲੀ ਐਕਸ਼ਨ ਸਮੇਤ ਪੂਰੀ ਤਰਾਂ ਠੱਪ ਰਿਹਾ। ਕੋਲਾ ਮਜ਼ਦੂਰਾਂ ਦੀ ਇਕ ਦਿਨਾਂ ਹੜਤਾਲ ਵੀ 15 ਮਾਰਚ ਨੂੰ ਸ਼ੁਰੂ ਹੋਈ ਅਤੇ ਸਮੁਚੇ ਦੇਸ ਵਿਚ ਕੋਲਾ ਖਾਣਾਂ ਬੰਦ ਰਹੀਆਂ। ਬੰਦ ਕਾਰਨ ਸਮੁਚੇ ਦੇਸ਼ ਵਿਚ ਕੋਲਾ ਖਾਣਾਂ ਬੰਦ ਰਹੀਆਂ। ਬੰਦ ਕਾਰਨ ਸਮੁਚੇ ਦੇਸ਼ ਵਿਚ ਸਨਅਤੀ ਇਕਾਈਆਂ ਵੀ ਬੰਦ ਰਹੀਆਂ। ਸਰਕਾਰ ਦੀਆਂ ਸਮਾਜਿਕ ਆਰਥਿਕ ਨੀਤੀਆਂ ਵਿਰੁਧ ਹੜਤਾਲ ਕਰਨ ਦੀ ਚਣੌਤੀ ਨੂੰ ਮਜ਼ਦੂਰ ਜਮਾਤ ਨੇ ਇਕਮੁਠਤਤਾ ਨਾਲ ਕਬੂਲਿਆ। ਬਿਹਾਰ, ਉਤਰ ਪ੍ਰਦੇਸ਼, ਪੱਛਮੀ ਬੰਗਾਲ, ਉੜੀਸਾ, ਆਂਧਰਾ ਪ੍ਰਦੇਸ਼, ਤਾਮਿਲ ਨਾਡੂ, ਕਰਨਾਟਕ, ਕੇਰਲਾ, ਮਹਾਰਾਸ਼ਟਰ, ਪੰਜਾਬ, ਮਧ ਪ੍ਰਦੇਸ਼, ਰਾਜਿਸਥਾਨ, ਦਿੱਲੀ, ਅਤੇ ਗੁਜਰਾਤ ਦੇ ਪ੍ਰਮੁਖ ਸ਼ਹਿਰਾ ਅਤੇ ਕਸਬਿਆਂ ਵਿਚ ਦੁਕਾਨਾ, ਪਬਲਿਕ ਟਰਾਂਸਪੋਰਟ, ਦਫਤਰ, ਫੈਕਟਰੀਆਂ ਅਤੇ ਵਿਦਿਅਕ ਸੰਸਥਾਵਾਂ ਬੰਦ ਰਹੀਆਂ ਅਤੇ ਕਾਂਗਰਸ (ਆਈ) ਸਰਕਾਰਾਂ ਦੇ ਸਾਰੇ ਯਤਨਾਂ ਦੇ ਬਾਵਜੂਦ ਬਹੁਤ ਘਟ ਲੋਕ ਕੰਮ ਉਤੇ ਹਾਜਰ ਹੋਏ ਜਾਂ ਉਹਨਾਂ ਪਬਲਿਕ

DOSANJH & PIRANI

#202 - 5887 Victoria Drive, Vancouver, B.C. V5P 3W5

Phone 327-6381

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

# ਥਾਂ ਥਾਂ ਰੈਲੀਆਂ ਤੇ ਮੁਜ਼ਾਹਰੇ ਰਾਜੀਵ ਦੇ ਅਸਤੀਫੇ ਅਤੇ ਮੱਧਕਾਲੀ ਚੋਣਾਂ ਦੀ ਮੰਗ

ਟਰਾਂਸਪੋਰਟ ਦੀ ਵਰਤੋਂ ਕੀਤੀ। ਪੂਰਬੀ ਰੇਲਵੇ, ਦੱਖਣ ਪੂਰਬੀ ਰੇਲਵੇ, ਦੱਖਣੀ ਰੇਲਵੇ ਅਤੇ ਪੱਛਮੀ ਰੇਲਵੇ ਦੇ ਸਾਰੇ ਸੈਕਟਰਾਂ ਵਿਚ ਗੱਡੀ ਸੇਵਾ ਪੂਰੀ ਤਰਾਂ ਠੱਪ ਰਹੀ। ਮੁਲਾਜ਼ਮਾਂ ਦੇ ਹੜਤਾਲ ਦੇ ਐਕਸ਼ਨ ਕਾਰਨ ਇੰਡੀਅਨ ਏਅਰਲਾਈਨਜ਼ ਦੀਆਂ ਸੇਵਾਵਾਂ ਦੀ ਪੂਰੀ ਤਰਾਂ ਬੰਦ ਰਹੀਆਂ। ਬੰਦ ਦਾ ਏਨਾ ਡੂੰਘਾ ਤੇ ਹੂੰਝਾ ਫੇਰੂ ਅਸਰ ਪਿਆ ਕਿ ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ ਤੇ ਕੇਰਲਾ ਵਰਗੇ ਸੂਬਿਆਂ ਵਿਚ ਇਕ ਵੀ ਗੱਡੀ ਨਹੀਂ ਚਲੀ।

ਰਾਜੀਵ ਗਾਂਧੀ ਸਰਕਾਰ ਨੇ ਬੰਦ ਦੇ ਹਿਮਾਇਤੀਆਂ ਉਤੇ ਅੰਨਾ ਤਸ਼ੱਦਦ ਕੀਤਾ। ਬੰਦ ਵਾਲੇ ਦਿਨ ਹਿਫਾਜ਼ਤੀ ਨਜ਼ਰਬੰਦੀਆਂ ਅਤੇ ਗ੍ਰਿਫਤਾਰੀਆਂ ਦੀ ਗਿਣਤੀ 150,000 ਤਕ ਪੁਜ ਗਈ। ਸੀ. ਪੀ. ਆਈ (ਐਮ) ਦੇ ਹਜ਼ਾਰਾਂ ਦੀ ਗਿਣਤੀ ਵਿਚ ਗ੍ਰਿਫਤਾਰ ਕੀਤੇ ਗਏ ਵਰਕਰਾਂ ਅਤੇ ਆਗੂਆਂ ਵਿਚ ਸਾਥੀ ਨਰਿਪਨ ਚੱਕਰਵਰਤੀ ਵੀ ਸ਼ਾਮਲ ਹਨ ਜਿਹੜੇ ਕਿ ਸੀ. ਪੀ. ਆਈ. (ਐਮ) ਦੇ ਪੋਲਿਟ ਬਿਊਰੋ ਮੈਂਬਰ ਅਤੇ ਤ੍ਰਿਪੁਰਾ ਦੇ ਸਾਬਕਾ ਮੁਖ ਮੰਤਰੀ ਹਨ, ਇਹਨਾਂ ਤੋਂ ਇਲਾਵਾ ਕੇਂਦਰੀ ਕਮੇਟੀ ਦੇ ਮੈਂਬਰ ਗਨੇਸ਼ ਸ਼ੰਕਰ ਵਿਦਿਆਰਥੀ (ਬਿਹਾਰ ਸੂਬਾ ਸਕੱਤਰ) ਅਤੇ ਸ਼ਿਵਾਜੀ ਪਟਨਾਇਕ (ਉੜੀਸਾ ਸੂਬਾ ਸਕੱਤਰ) ਨੂੰ ਵੀ ਗ੍ਰਿਫ-ਤਾਰ ਕੀਤਾ ਗਿਆ। ਤਾਮਿਲਨਾਡੂ, ਬਿਹਾਰ, ਉੜੀਸਾ, ਮਹਾਂਰਾਸ਼ਟਰ, ਉਤਰ ਪ੍ਰਦੇਸ਼ ਅਤੇ ਦਿੱਲੀ ਵਿਚ ਵੀ ਹਜ਼ਾਰਾਂ ਦੀ ਗਿਣਤੀ 'ਚ ਕੇਡਰ ਗ੍ਰਿਫਤਾਰ ਕੀਤਾ ਗਿਆ ਦੂਸਰੀਆਂ ਵਿਰੋਧੀ ਪਾਰਟੀਆਂ ਦੇ ਬਹੁਤ ਸਾਰੇ ਆਗੂ ਅਤੇ ਕਾਰਕੁੰਨ ਵੀ ਗ੍ਰਿਫਤਾਰ ਕੀਤੇ ਗਏ ਬਹੁਤ ਸਾਰੇ ਕੇਂਦਰਾਂ ਵਿਚ ਪੁਲਿਸ ਨੇ ਅਮਨਮਈ ਢੰਗ ਨਾਲ ਧਰਨਾ ਦੇ ਰਹੇ ਲੋਕਾਂ ਉਤੇ ਵਹਿਸ਼ੀ ਲਾਠੀਚਾਰਜ ਕਰ ਦਿਤਾ।

ਖੱਬੀਆਂ ਅਤੇ ਧਰਮ ਨਿਰਲੇਪ ਵਿਰੋਧੀ ਪਾਰਟੀਆਂ ਦੇ ਸਦੇ ਤੇ ਲੋਕਾਂ ਨੇ ਸਰਕਾਰ ਅਤੇ ਇਸ ਦੀਆਂ ਨੀਤੀਆਂ ਵਿਰੁੱਧ ਲੜਨ ਦੀ ਆਪਣੀ ਦਰਿੜਤਾ ਦਾ ਪ੍ਰਦਰਸ਼ਨ ਕੀਤਾ। ਪੋਲਿਟ ਬਿਊਰੋ ਉਹਨਾਂ ਲੱਖਾਂ ਵਰਕਰਾਂ ਨੂੰ ਵਧਾਈ ਦਿੰਦਾ ਹੈ ਤੇ ਉਹਨਾਂ ਦੀ ਪ੍ਰਸੰਸਾ ਕਰਦਾ ਹੈ ਜਿਨ੍ਹਾਂ ਇਸਬੰਦ ਨੂੰਸਫਲ ਬਣਾਉਣ ਲਈ ਅਣਥਕ ਕੰਮ ਕੀਤਾ ਅਤੇ ਸਾਰੀਆਂ ਧਰਮ ਨਿਰਲੇਪ ਵਿਰੋਧੀ ਪਾਰਟੀਆਂ ਤੇ ਖੱਬੀਆਂ ਤਾਕਤਾਂ ਨੂੰ ਸੱਦਾ ਦਿੰਦਾ ਹੈ ਕਿ ਉਹ ਸਾਂਝੀ ਜਨਤਕ ਲਹਿਰ ਨੂੰ ਹੋਰ ਜ਼ਿਆਦਾ ਮਜ਼ਬੂਤ ਕਰਨ ਲਈ ਆਪਣੇ ਯਤਨ ਹੋਰ ਤੇਜ਼ ਕਰ ਦੇਣ।

## ਵੱਖ ਵੱਖ ਸੂਬਿਆਂ ਤੋਂ ਬੰਦ ਦੀਆਂ ਆਈਆਂ ਰਿਪੋਰਟਾਂ

### ਆਂਧਰਾ ਪ੍ਰਦੇਸ਼

● ਬੰਦ ਮੁਕੰਮਲ ਰਿਹਾ ਤੇ ਇਸ ਨੂੰ ਭਾਰੀ ਸਫਲਤਾ ਮਿਲੀ।

● ਸੂਬੇ ਭਰ ਵਿਚ ਸਾਰੀਆਂ ਸਾਧਾਰਨ ਸਰਗਰਮੀਆਂ ਠੱਪ ਹੋਕੇ ਰਹਿ ਗਈਆਂ।

● ਆਂਧਰਾ ਪ੍ਰਦੇਸ਼ ਵਿਚ ਕੋਈ ਗੱਡੀ ਨਹੀਂ ਚਲੀ।

● ਕੋਈ ਵੀ ਪਬਲਿਕ ਜਾਂਲੋਕਲ ਬੱਸ ਨਹੀਂ ਚਲੀ।

● ਸਾਰੀਆਂ ਮੰਡੀਆਂ ਅਤੇ ਵਿਉ-ਪਾਰਕ ਅਦਾਰੇ ਬੰਦ ਰਹੇ, ਇਥੋਂ ਤਕ ਕਿ ਪਾਨ ਜਾਂ ਸਿਗਰਟ ਦੀ ਵੀ ਕੋਈ ਦੁਕਾਨ ਹੀਂ ਖੁਲੀ।

● ਰਾਜਧਾਨੀ ਹੈਦਰਾਬਾਦ ਨੇਕਦੇ ਵੀ ਏਨਾ ਸਫਲ ਬੰਦ ਪਹਿਲਾ ਨਹੀਂ ਤਕਿਆ ਸੀ।

● ਮੁਕੰਮਲ ਸਨਅੱਤੀ ਹੜਤਾਲ। ਪਰ ਹੈਦਰਾਬਦ ਅਤੇ ਵਿਸਾਖਾਪਟਨਮ ਵਿਚ ਇੰਟਕ ਦੀ ਅਗਵਾਈ ਵਾਲੀਆਂ ਕੁਝ ਪਬਲਿਕ ਸੈਕਟਰ ਦੀਆਂ ਯੂਨੀਅਨਾਂ ਨ ਮਜ਼ਦੂਰਾਂ ਨੂੰ ਡਿਊਟੀ ਉਤੇ ਹਾਜ਼ਰ ਹੋਣ ਲਈ ਮਜਬੂਰ ਕੀਤਾ।

### ਬਿਹਾਰ

● ਸਾਰੀਆਂ ਰਿਪੋਰਟਾਂ ਤੋਂ ਇਹੀ ਪਤਾ ਚਲਦਾ ਹੈ ਕਿ ਬੰਦ ਨੂੰ ਮੁਕੰਮਲ ਸਫਲਤਾ ਮਿਲੀ। ਮੰਡੀਆਂ ਬਾਜ਼ਾਰ ਆਦਿ ਪੂਰੀ ਤਰਾਂ ਬੰਦ ਰਹੇ।

● ਲੋਕਲ ਬੱਸਾਂ ਨਹੀਂ ਚਲੀਆਂ।

● ਪਟਨਾ ਵਿਚ ਮੁਕੰਮਲ ਤੋਰ ਤੇ ਬੰਦ ਹੋਇਆ।

● ਵਡੇ ਪੱਧਰ ਤੇ ਗਰਿਫਤਾਰੀਆਂ ਕੀਤੀਆਂ ਗਈਆਂ ਜਿਹਨਾਂ ਵਿਚ ਸੀ. ਪੀ. ਆਈ (ਐਮ) ਦੇ ਸੂਬਾ ਸਕੱਤਰ ਗਨੇਸ਼ ਸ਼ੰਕਰ ਵਿਦਿਆਰਥੀ ਦੀ ਗਰਿਫਤਾਰੀ ਵੀ ਸ਼ਾਮਲ ਹੈ।

● ਬਰੌਨੀ ਵਿਚ ਤੇਲ ਸੋਧਕ ਕਾਰਖਾਨਾ ਅਤੇ ਖਾਦ ਫੈਕਟਰੀ ਵੀ ਬੰਦ ਰਹੀਆਂ।

● ਗਇਆ, ਬੇਗੂਸਰਾਏ, ਬੋਕਾਰੋ ਭਾਗਲਪੁਰ, ਦਰਭੰਗਾ, ਮੁਜ਼ਫਰਪੁਰ, ਧਨ-ਵਾਦ, ਰਾਂਚੀ ਅਤੇ ਦੂਸਰੇ ਮਹੱਤਵਪੂਰਨ ਕਸਬਿਆਂ ਵਿਚ ਬੰਦ ਰਿਹਾ।

● ਇਕ ਦਿਨ ਪਹਿਲਾਂ ਤੋਂ ਹੀ ਵਡੇ ਪੱਧਰ ਤੇ ਕੇਂਦਰੀ ਰਿਜ਼ਰਵ ਪੁਲਸ ਫੋਰਸ ਨੇ ਗਸ਼ਤ ਲਗਾਉਣੀ ਸ਼ੁਰੂ ਕਰ ਦਿਤੀ ਸੀ।

● ਗਇਆ, ਬੇਗੂਸਰਾਏ ਅਤੇ ਬੋਕਾਰੋ ਵਿਚ ਲਾਠੀਚਾਰਜ ਕੀਤਾ ਗਿਆ ਤੇ ਗਰਿਫਤਾਰੀਆਂ ਕੀਤੀਆਂ ਗਈਆਂ। ਗਇਆ ਵਿਚ ਫਾਇਰਿੰਗ ਕੀਤੀ ਗਈ। ਗ੍ਰਿਫਤਾਰਾਂ 'ਚ ਹਜ਼ਾਰਾਂ ਦੀ ਗਿਣਤੀ ਵਿਚ ਔਰਤਾਂ ਵੀ ਸ਼ਾਮਲ ਹਨ।

### ਬੰਬਈ

● ਕਾਂਗਰਸ (ਆਈ) ਅਤੇ ਸ਼ਿਵ ਸੈਨਾ ਦੀ ਸਰਗਰਮ ਵਿਰੋਧਤਾ ਦੇ ਬਾਵ-ਜੂਦ ਬੰਦ ਨੂੰ ਭਾਰੀ ਸਫਲਤਾ ਮਿਲੀ।

● ਕਪੜਾ ਮਿਲਾਂ ਪੂਰੀ ਤਰਾਂਬੰਦ ਕਰ ਦਿਤੀਆਂ ਗਈਆਂ। 90 ਪ੍ਰਤੀ-ਸ਼ਤ ਤੋਂ ਵਧ ਵਰਕ ਫੋਰਸ ਕੰਮ ਤੇ ਹਾਜ਼ਰ ਨਹੀਂ ਹੋਈ।

● ਇੰਜੀਨਰਿੰਗ, ਰਸਾਇਣਕ ਤੇ ਦਵਾਈ ਸਨਅੱਤ ਵਿਚ ਵੀ ਸਥਿਤੀਅਜੇਹੀ ਹੀ ਰਹੀ।

● ਟੈਕਸੀਆਂ ਅਤੇ ਆਟੋ ਰਿਕ-ਸ਼ਿਆਂ ਦੀ ਹੜਤਾਲ 100 ਪ੍ਰਤੀਸ਼ਤ ਸੀ।

● 80 ਪ੍ਰਤੀਸ਼ਤ ਤੋਂ ਵਧ ਬੱਸ ਸੇਵਾਵਾਂ ਸੜਕ ਤੇ ਨਹੀਂ ਚਲੀਆਂ।

● ਸਾਰੀਆਂ ਮੰਡੀਆਂ ਤੇ ਬਾਜ਼ਾਰ ਬੰਦ ਰਹੇ ਅਤੇ ਮੁਕੰਮਲ ਮਾਰਕੀਟ ਬੰਦ ਰਿਹਾ।

● ਸਾਰੀਆਂ ਬੈਂਕਾਂ, ਐਲ-ਆਈ ਸੀ. ਅਤੇ ਵਿਉਪਾਰਕ ਅਦਾਰੇ ਬੰਦ ਰਹੇ

● ਸੈਂਕੜਿਆਂ ਦੀ ਗਿਣਤੀ ਵਿਚ ਲੋਕ ਗਰਿਫਤਾਰ ਕੀਤੇ ਗਏ ਅਤੇ ਦੁਪ-ਹਿਰੇ ਸਾਢੇ ਗਿਆਰਾਂ ਵਜੇ ਤਕ ਪੁਜੀਆਂ ਰਿਪੋਰਟਾਂ ਮੁਤਾਬਕ ਗਰਿਫਤਾਰੀਆਂ ਅਜੇ ਵੀ ਜਾਰੀ ਸਨ।

### ਕੇਰਲਾ

● ਬੰਦ ਕਾਰਨ ਜੀਵਨ ਦੇ ਸਾਰੇ ਖੇਤਰ ਪੂਰੀ ਤਰਾਂ ਠੱਪ ਰਹੇ।

● ਸਾਰੇ ਕਸਬਿਆਂ ਵਿਚਸਾਰੀਆਂ ਦੁਕਾਨਾਂ, ਵਿਉਪਾਰਕ ਅਦਾਰੇ ਤੇ ਵਿਦਿ-ਅਕ ਸੰਸਥਾਵਾਂ ਪੂਰੀ ਤਰਾਂ ਬੰਦ ਸਨ।

● ਸਾਰੀਆਂ ਸਨਅੱਤਾਂ ਅਤੇ ਛੋਟੀਆਂ ਫੈਕਟਰੀਆਂ ਬੰਦ ਸਨ।

● ਸੂਬੇ ਦੇ ਸਾਰੇ ਹਿਸਿਆਂ ਵਿਚ ਪਬਲਿਕ ਬੱਸਾਂ ਸੜਕ ਤੇ ਨਹੀਂ ਚਲੀਆਂ। ਏਥੋਂ ਤਕ ਕਿ ਪ੍ਰਾਈਵੇਟ ਮੋਟਰ ਬੱਸਾਂ ਆਦਿ ਵੀਨਹੀਂ ਚਲੀਆਂ।

● ਧਰਨੇ ਕਾਰਨ ਸਵੇਰ ਤੋਂ ਹੀ ਕੇਰਲਾ ਵਿਚ ਕੋਈ ਇਕ ਵੀ ਗੱਡੀ ਨਹੀਂ

ਚਲੀ ।

● ਇੰਡੀਆ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ (ਆਈ. ਐਸ. ਆਰ. ਓ) ਮੈਨੇਜਮੈਂਟ ਵਲੋਂ ਅਦਾਰੇ ਨੂੰ ਖੋਲ੍ਹੀ ਰੱਖਣ ਦੇ ਯਤਨਾਂ ਦੇ ਬਾਵਜੂਦ ਉਹ ਅਜਿਹਾ ਕਰਨ ਵਿਚ ਅਸਫਲ ਰਹੇ ਅਤੇ ਉਹ ਇਸ ਨੂੰ ਖੋਲ੍ਹ ਨਾ ਸਕੇ ।

● ਜਨਤਕ ਧਰਨੇ ਦੇ ਪ੍ਰੋਗਰਾਮਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੇ ਹਿੱਸਾ ਲਿਆ ।

## ਪੱਛਮੀ ਬੰਗਾਲ

● ਬੰਦ ਨੂੰ ਬੇਮਿਸਾਲ ਸਫਲਤਾ ਪ੍ਰਾਪਤ ਹੋਈ ।

● ਕਲਕੱਤਾ ਵਿਚ ਆਮ ਰਸਤੇ ਬੰਦ ਵਾਲੇ ਦਿਨ ਬਚਿਆਂ ਲਈ ਖੇਡ-ਮੈਦਾਨਾਂ ਵਿਚ ਬਦਲ ਗਏ ।

● ਸਨਅਤੀ ਕੇਂਦਰਾਂ ਵਿਚ ਮੁਕੰਮਲ ਹੜਤਾਲ ਰਹੀ । ਕੁਝ ਥਾਵਾਂ ਵਿਚ ਕਾਂਗਰਸ (ਆਈ) ਗੁੰਡਿਆਂ ਨੇ ਫੈਕਟਰੀਆਂ ਦੇ ਬਾਹਰ ਧਰਨੇ ਤੇ ਬੈਠੇ ਲੋਕਾਂ ਵੱਲ ਬੰਬ ਸੁੱਟੇ, ਇਸ ਦੇ ਬਾਵਜੂਦ ਸਨਅਤੀ ਹੜਤਾਲ ਮੁਕੰਮਲ ਰਹੀ ।

● ਪਟਸਨ ਮਿੱਲਾਂ ਪੂਰੀ ਤਰਾਂ ਬੰਦ ਰਹੀਆਂ ।

● ਕਲਕੱਤਾ ਤੋਂ ਇੰਡੀਅਨ ਏਅਰਲਾਈਨਜ਼ ਦੀ ਇਕ ਵੀ ਉੜਾਨ ਨਹੀਂ ਉਡੀ ।

● ਕੋਈ ਵੀ ਗੱਡੀ ਹਾਵੜਾ ਜਾਂ ਸਿਆਲਦਾਹ ਸਟੇਸ਼ਨ ਤੋਂ ਨਹੀਂ ਚੱਲੀ ।

● ਪਛਮੀ ਬੰਗਾਲ ਵਿਚ ਮੁਕੰਮਲ ਮਾਰਕਿਟ ਬੰਦ ਰਿਹਾ ।

● ਸਾਰੇ ਜ਼ਿਲਿਆਂ ਵਿਚ ਜਨ ਜੀਵਨ ਪੂਰੀ ਤਰਾਂ ਠੱਪ ਹੋਕੇ ਰਹਿ ਗਿਆ।

● ਏਥੋਂ ਤਕ ਕਿ ਕਿਸਾਨ ਵੀ ਖੇਤਾਂ ਵਿਚ ਹੱਲ ਵਾਹੁਣ ਨਹੀਂ ਗਏ ।

## ਤਾਮਿਲਨਾਡੂ

● ਤਾਮਿਲਨਾਡੂ ਭਰ ਵਿਚ ਬੰਦ ਪੂਰੀ ਤਰਾਂ ਮੁਕੰਮਲ ਰਿਹਾ ।

● ਪ੍ਰਮੁਖ ਸ਼ਹਿਰਾਂ ਜਿਵੇਂ ਕਿ ਮਦਰਾਸ, ਮਦੂਰਾਏ, ਕੋਇੰਬਾਟੋਰ ਟਰਿਚੀ ਆਦਿ ਵਿਚ ਸਾਰੇ ਅਦਾਰੇ ਪੂਰੀ ਤਰਾਂ ਬੰਦ ਰਹੇ । ਲਗਪਗ ਸਾਰੀਆਂ ਫੈਕਟਰੀਆਂ ਅਤੇ ਸਨਅਤੀ ਅਦਾਰੇ ਬੰਦ ਰਹੇ ।

● ਸਟੇਟ ਟਰਾਂਸਪੋਰਟ ਨੇ ਬੱਸ ਸੇਵਾ ਚਲਾਉਣ ਦੀ ਕੋਸ਼ਸ਼ ਕੀਤੀ ਪਰ ਸਿਰਫ ਕੁਝ ਕੁ ਬੱਸਾਂ ਹੀ ਚਲ ਸਕੀਆਂ । ਇਹਨਾਂ ਵਿਚੋਂ ਵੀ ਬਹੁਤ ਸਾਰੀਆਂ ਬੱਸਾਂ ਵਿਚ ਕੋਈ ਮੁਸਾਫਰ ਨਹੀਂ ਸੀ ।

● ਟਰਿਚੀ ਵਿਚ ਭਾਰਤ ਹੈਵੀ ਇਲੈਕਟਰੀਕਲਜ਼ ਲਿਮਟਿਡ ਫੈਕਟਰੀ ਵਿਚ ਜਿਥੇ ਵਰਕ ਫੋਰਸ 14 ਹਜ਼ਾਰ ਦੇ ਬਰਾਬਰ ਹੈ, ਸਿਰਫ 110 ਮੁਲਾਜ਼ਮ ਹੀ ਡਿਊਟੀ ਤੇ ਆਏ । ਮਧੂਰਾਏ ਕੋਟਸ ਜਿਹੜੀ ਕਿ ਇਕ ਬਹੁਤ ਵਡੀ ਫੈਕਟਰੀ ਹੈ ਅਤੇ ਇਸ ਵਿਚ ਪੰਜ ਤੋਂ ਛੇ ਹਜ਼ਾਰ ਤਕ ਲੋਕ ਕੰਮ ਕਰਦੇ ਹਨ, ਸਿਰਫ 150 ਹੀ ਕੰਮ ਤੇ ਹਾਜ਼ਰ ਹੋਏ ।

● ਸਾਰੇ ਪ੍ਰਮੁਖ ਸ਼ਹਿਰਾਂ ਤੇ ਨਗਰਾਂ ਜਿਵੇਂ ਕਿ ਜਲੰਧਰ, ਅੰਮ੍ਰਿਤਸਰ, ਹੁਸ਼ਿਆਰਪੁਰ, ਪਟਿਆਲਾ, ਲੁਧਿਆਣਾ, ਰਾਜਪੁਰ, ਬਠਿੰਡਾ, ਗੁਰਦਾਸਪੁਰ, ਬਟਾਲਾ, ਸੰਗਰੂਰ, ਕਪੂਰਥਲਾ, ਸੁਲਤਾਨਪੁਰ, ਕਰਤਾਰਪੁਰ, ਜੰਡਿਆਲਾ, ਤਰਨਤਾਰਨ, ਫਗਵਾੜੇ ਆਦਿ ਵਿਚ ਆਮ ਜਨਜੀਵਨ ਠੱਪ ਰਿਹਾ । ਇਹਨਾਂ ਸਾਰੇ ਇਲਾਕਿਆਂ ਵਿਚ ਸਨਅਤੀ ਅਦਾਰੇ ਪੂਰੀਤਰਾਂ ਬੰਦਰਹੇ।

● ਬੈਂਕਾਂ, ਐਲ. ਆਈ. ਸੀ. ਬੰਦ ਰਹੇ, ਬਿਜਲੀ ਫੀਲਡ ਵਰਕਰ ਕੰਮ ਤੋਂ ਗੈਰ ਹਾਜ਼ਰ ਰਹੇ । ਸਟੇਟ ਟਰਾਂਸਪੋਰਟ ਦੀ ਟਾਵੀਂ ਟਾਵੀਂ ਬੱਸ ਸੜਕ ਉਤੇ ਚਲਦੀ ਰਹੀ । ਪਰ ਇਹਨਾਂ ਬੱਸਾਂ ਵਿਚ ਵੀ ਕੋਈ ਮੁਸਾਫਰ ਨਹੀਂ ਸੀ । ਬੰਦ ਦਾ ਮਹੱਤਵਪੂਰਨ ਪਹਿਲੂ ਇਹ ਰਿਹਾ ਕਿ ਸਰਕਾਰ ਦੀਆਂ ਭੜਕਾਹਟਾਂ ਅਤੇ ਤਸ਼ੱਦਦ ਦੇ ਬਾਵਜੂਦ ਬਾਜ਼ਾਰ ਤੇ ਮੰਡੀਆਂ ਪੂਰੀ ਤਰਾਂ ਬੰਦ ਰਹੇ । ਕੋਈ 200 ਲੋਕ ਗ੍ਰਿਫਤਾਰ ਕੀਤੇ ਗਏ ਅਤੇ ਬਹੁਤ ਸਾਰੀਆਂ ਥਾਵਾਂ ਤੇ ਲਾਠੀਚਾਰਜ ਵੀ ਹੋਇਆ ।

## ਉੜੀਸਾ

● ਬੰਦ ਨੂੰ ਮੁਕੰਮਲਸਫਲਤਾਮਿਲੀ।

● ਭੁਬਨੇਸ਼ਵਰ ਵਿਚ ਕੋਈ ਬੱਸ ਨਹੀਂ ਚਲੀ, ਏਥੋਂ ਤਕ ਕਿ ਸਾਈਕਲ ਰਿਕਸ਼ੇ ਵੀ ਨਹੀਂ ਚਲੇ।

● ਸਰਕਾਰੀ ਦਫਤਰਾਂ ਨੂੰ ਛਡਕੇ ਜਿਥੇ ਸੁਰਖਿਆ ਪ੍ਰਬੰਧਾਂ ਅਤੇ ਜ਼ੋਰ ਜਬਰੀ ਕਾਰਨ ਮੁਲਾਜ਼ਮਾਂ ਦੀ ਹਾਜ਼ਰੀ ਨੂੰ ਯਕੀਨੀ ਬਣ ਇਆ ਗਿਆ, ਬਾਕੀ ਸਾਰੇ ਅਦਾਰੇ ਬੰਦ ਰਹੇ ।

● ਹਜ਼ਾਰਾਂ ਦੀ ਗਿਣਤੀ ਵਿਚ ਲੋਕ ਗ੍ਰਿਫਤਾਰ ਕੀਤੇ ਗਏ ਜਿਹਨਾਂ ਵਿਚ ਸੀ. ਪੀ. ਆਈ (ਐਮ) ਦਾ ਸੂਬਾ ਸਕੱਤਰ ਸ਼ਿਵਾਜੀ ਪਟਨਾਇਕਵੀ ਸ਼ਾਮਲਹੈ।

● ਕਟਕ ਵਿਚ ਬੰਦ ਨੂੰ ਮੁਕੰਮਲ ਸਫਲਤਾ ਮਿਲੀ ਅਤੇ ਇਸ ਦੇ ਸਾਰੇ ਬਾਜ਼ਾਰ ਤੇ ਮੰਡੀਆਂ ਬੰਦ ਰਹੇ।

● ਰੂੜਕੇਲਾ ਦੀ ਸਟੀਲ ਸਨਅੱਤ ਅਤੇ ਖਾਣਾਂ ਵਿਚੋਂ ਬੰਦ ਮੁਕੰਮਲ ਰਿਹਾ ।

● ਕਾਂਗਰਸ (ਆਈ) ਦੇ ਭਾੜੇ ਦੇ ਗੁੰਡੇ ਸਮੁਚੇ ਸੂਬੇ ਵਿਚ ਘੁੰਮ ਫਿਰ ਰਹੇ ਸਨ ।

ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ROYAL

ਰੌਇਲ ਫਰਨੀਚਰ ਲਿਮ:

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਬ ਕੀਮਤਾਂ

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.

Ph. 874-9525

● ਲਿਵਿੰਗ ਰੂਮ ● ਡਾਇਨਿੰਗ ਰੂਮ

● ਬੈਡ ਰੂਮ ਅਤੇ

ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

FURNITURE



PAUL TOOR

## ਆਸਾਮ

● ਗੁਹਾਟੀ ਵਿਚ ਬੰਦ ਮੁਕੰਮਲ ਪਰ ਅਮਨਮਈ ਸੀ।

● ਤੇਲ ਸੋਧਕ ਕਾਰਖਾਨਿਆਂ ਅਤੇ ਚਾਹ-ਬਾਗਾਂ ਵਿਚ ਅੰਸ਼ਕ ਬੰਦ ਰਿਹਾ।

● ਆਸਾਮਵਾਦੀ ਵਿਚ ਬੰਦ ਪੂਰੀ ਤਰਾਂ ਸਫਲ ਰਿਹਾ ਅਤੇ ਸਾਰੇ ਪ੍ਰਮੁੱਖ ਬਾਜ਼ਾਰ ਤੇ ਮੰਡੀਆਂ ਬੰਦ ਰਹੀਆਂ ਅਤੇ ਡਬਰੂਗੜ੍ਹ ਆਦਿ ਕੇਂਦਰਾਂ ਵਿਚ ਜਨ-ਜੀਵਨ ਪੂਰੀ ਤਰਾਂ ਠੱਪ ਰਿਹਾ।

## ਦਿੱਲੀ

ਸਾਰੇ ਪ੍ਰਮੁੱਖ ਸਨਅਤੀ ਕੇਂਦਰ ਜਿਵੇਂ ਓਖਲਾ, ਵਜ਼ੀਰਪੁਰ, ਮਾਇਆ-ਪੁਰੀ, ਨਰੇਣਾ, ਜੀ. ਟੀ. ਕਰਨਾਲ ਰੋਡ ਪੂਰੀ ਤਰਾਂ ਬੰਦ ਰਹੇ।

● ਅਯੁਧਿਆ ਟੈਕਸਟਾਈਲ ਮਿੱਲ ਅਤੇ ਡੀ. ਸੀ. ਐਮ. ਸਿਲਕ ਵਿਚ ਕਪੜਾ ਮਜ਼ਦੂਰਾਂ ਦੀ ਹੜਤਾਲ ਮੁਕੰਮਲ ਸੀ।

● ਸਾਰੀਆਂ ਬੈਂਕਾਂ, ਐਲ. ਆਈ. ਸੀ. ਅਤੇ ਜਨਰਲ ਬੀਮਾ ਨਿਗਮਾਂ ਦੇ ਮੁਲਾਜ਼ਮਾਂ ਨੇ ਹੜਤਾਲ ਕੀਤੀ। ਆਰ. ਆਈ. ਬੀ. ਦੇ ਮੁਲਾਜ਼ਮ ਵੀ ਹੜਤਾਲ ਉਤੇ ਰਹੇ।

● ਕਨਾਟ ਪਲੇਸ ਇਲਾਕੇ, ਪੰਡਾਰਾ ਰੋਡ ਅਤੇ ਪਹਾੜ ਗੰਜ ਆਦਿ ਵਿਚ ਸਾਰੇ ਰੈਸਟੋਰੈਂਟ ਮੁਕੰਮਲ ਤੌਰ ਤੇ ਬੰਦ ਰਹੇ।

● ਦਿੱਲੀ ਯੂਨੀਵਰਸਿਟੀ, ਕੈਂਪਸ, ਜੇ. ਐਨ. ਯੂ, ਜਾਮੀਆ ਮਿਲੀਆ ਯੂਨੀ-ਵਰਸਟੀਆਂ ਬੰਦ ਰਹੀਆਂ ਕਿਉਂਕਿ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਹੜਤਾਲ ਕੀਤੀ ਹੋਈ ਸੀ।

● ਪੁਰਾਣੇ ਸ਼ਹਿਰ ਜਿਸ 'ਚ ਚਾਂਦਨੀ ਚੌਂਕ ਵੀ ਸ਼ਾਮਲ ਹੈ, ਵਿਚ ਬਜ਼ਾਰਾਂ ਤੇ ਮੰਡੀਆਂ ਬੰਦ ਰਹੇ। ਅਜ਼ਾਦ ਮਾਰਕਿਟ, ਕਮਲਾ ਨਗਰ ਮਾਰਕੀਟ ਅਤੇ ਕਰੋਲ ਬਾਗ ਵਿਚ ਵੀ ਦੁਕਾਨਾਂ ਬੰਦ ਰਹੀਆਂ। ਬਹੁਤ ਸਾਰੀਆਂ ਮੰਡੀਆਂ ਵਿਚ ਪੁਲਿਸ ਅਤੇ ਕਾਂਗਰਸ (ਆਈ) ਦੇ ਗੁੰਡਿਆਂ ਨੇ ਦੁਕਾਨਦਾਰਾਂ ਨੂੰ ਦੁਕਾਨਾਂ ਖੋਹਲਣ ਦੀਆਂ ਧਮਕੀਆਂ ਦਿੱਤੀਆਂ।

● ਗਾਜ਼ੀਆਬਾਦ ਸਨਅਤੀ ਖੇਤਰ ਵਿਚ ਬਹੁਤ ਸਾਰੀਆਂ ਸਨਅਤੀ ਇਕਾ-ਈਆਂ ਅਤੇ ਫੈਕਟਰੀਆਂ ਬੰਦ ਸਨ ਕਿਉਂਕਿ ਮਜ਼ਦੂਰਾਂ ਨੇ ਹੜਤਾਲ ਕੀਤੀ ਹੋਈ ਸੀ।

● ਫਰੀਦ ਬਾਦ ਸਨਅਤੀ ਖੇਤਰ ਵਿਚ ਵੀ ਬੰਦ ਨੂੰ ਹੁੰਗਾਰਾ ਚੰਗਾ ਮਿਲਿਆ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਮਜ਼ਦੂਰਾਂ ਨੇ ਹੜਤਾਲ ਕਰ ਦਿੱਤੀ।

● ਦਿੱਲੀ ਵਿਚ ਪੁਲਿਸ ਨੇ ਅਮਨਮਈ ਢੰਗ ਨਾਲ ਧਰਨਾ ਦੇਣ ਵਾਲੇ ਲੋਕਾਂ ਉਤੇ ਭਾਰੀ ਲਾਠੀਚਾਰਜ ਕੀਤਾ। ਇਹ ਲਾਠੀਚਾਰਜ ਕਨਾਟਪਲੇਸ ਇਲਾਕੇ, ਚੌੜਾ ਬਜ਼ਾਰ, ਨਈ ਸੜਕ, ਜਹਾਂਗੀਰ-ਪੁਰੀ ਅਤੇ ਦੂਸਰੀਆਂ ਥਾਵਾਂ ਤੇ ਲੋਕਾਂ ਉਤੇ ਕੀਤਾ ਗਿਆ। ਬਹੁਤ ਸਾਰੀਆਂ ਥਾਵਾਂ ਤੋਂ ਵੱਡੀ ਗਿਣਤੀ ਵਿਚ ਗ੍ਰਿਫ-ਤਾਰੀਆਂ ਕੀਤੀਆਂ ਗਈਆਂ।

## ਗੁਜਰਾਤ

● ਬੜੌਦਾ, ਅਨੰਦ ਅਤੇ ਨਾਡੀਆਂ ਵਿਚ ਬੰਦ ਪੂਰੀ ਤਰਾਂ ਮੁਕੰਮਲ ਰਿਹਾ। ਬੀ. ਜੇ. ਪੀ. ਪ੍ਰਭਾਵ ਹੇਠਲੇ ਅਹਿਮਦਾ-ਬਾਦ ਵਿਚ ਬਹੁਤ ਥਾਂਈ ਮੰਡੀਆਂ ਤੇ ਬਾਜ਼ਾਰ ਬੰਦ ਰਹੇ। ਕਈ ਥਾਵਾਂ ਤੋਂ ਗ੍ਰਿਫਤਾਰੀਆਂ ਦੀਆਂ ਵੀ ਰਿਪੋਰਟਾਂ ਮਿਲੀਆਂ।

## ਮੱਧ ਪ੍ਰਦੇਸ਼

● ਸਾਰੇ ਪ੍ਰਮੁੱਖ ਸ਼ਹਿਰਾਂ ਅਤੇ ਡਵੀਜ਼ਨ ਹੈਡ ਕੁਆਟਰਾਂ ਵਿਚ ਮੁਕੰਮਲ ਹੜਤਾਲ ਰਹੀ।

● ਜਬਲਪੁਰ, ਰਾਏਪੁਰ, ਗਵ ਲੀਅਰ, ਇੰਦੌਰ, ਬਿਲਾਸਪੁਰ, ਰੇਵਾ, ਮੋਰੇਨਾ ਵਿਚ ਬੰਦ ਪੂਰੀ ਤਰਾਂ ਮੁਕੰਮਲ ਰਿਹਾ।

● ਇਹਨਾਂ ਇਲਾਕਿਆਂ ਵਿਚ ਸਾਰੇ ਸਨਅੱਤੀ ਖੇਤਰਾਂ ਵਿਚ ਪੂਰੀ ਤਰਾਂ ਹੜਤਾਲ ਰਹੀ।

● ਕੋਲੇ ਅਤੇ ਭਾਰਤ ਹੈਵੀ ਇਲੈਕਟਰੀਕਲ ਲਿਮਟਿਡ ਦੇ ਪਬਲਿਕ ਸੈਕਟਰ ਅਦਾਰਿਆਂ ਵਿਚ ਮੁਕੰਮਲ ਤੌਰ ਤੇ ਬੰਦ ਰਿਹਾ।

● ਭਲਾਈ ਸਟੀਲ ਪਲਾਂਟ ਵਿਚ ਹੜਤਾਲ ਮੁਕੰਮਲ ਸੀ।

● ਸਾਰੇ ਕੇਂਦਰਾਂ ਵਿਚ ਕਾਂਗਰਸ (ਆਈ) ਦੇ ਸਮਾਜ-ਵਿਰੋਧੀ ਤਤਾਂ ਨੇ ਭੜਕਾਹਟਾਂ ਪੈਦਾ ਕੀਤੀਆਂ ਅਤੇ ਵਡੀ ਗਿਣਤੀ ਵਿਚ ਗਰਿਫਤਾਰੀਆਂ ਕੀਤੀਆਂ।

## ਹਰਿਆਣਾ

● ਹਰਿਆਣਾ ਵਿਚ ਹਿਸਾਰ, ਰੋਹਤਕ, ਜੱਜਰ, ਥੋਹਾਨਾ ਅਤੇ ਸਮਾਲਖਾ ਵਿਚ ਬੰਦ ਮੁਕੰਮਲ ਸੀ ਅਤੇ ਬਹੁਤ ਘਟ ਦੁਕਾਨਾਂ ਖੁਲੀਆਂ। ਹਰੇਕ ਜ਼ਿਲੇ ਅਤੇ ਤਹਿਸੀਲ ਹੈਡਕੁਆਰਟਰ ਵਿਚ ਲੋਕਾਂ ਉਤੇ ਵਹਿਸ਼ੀ ਅਤਿਆਚਾਰ ਕੀਤਾ ਗਿਆ ਅਤੇ ਸੂਬੇ ਭਰ ਵਿਚ 500 ਤੋਂ 1000 ਦੇ ਦਰਮਿਆਨ ਲੋਕ ਗਰਿਫਤਾਰ ਕੀਤੇ ਗਏ।

## ਰਾਜਿਸਥਾਨ

● ਜੋਧਪੁਰ, ਉਦੇਪੁਰ, ਗੰਗਾ-ਨਗਰ, ਕੋਟਾ, ਬੀਕਾਨੇਰ, ਚੁਰੂ, ਸਿਕਰ ਅਤੇ ਦੂਸਰੀਆਂ ਥਾਵਾਂ ਤੇ ਮੁਕੰਮਲ ਬੰਦ ਕੀਤਾ ਗਿਆ।

● ਜੈਪੁਰ ਵਿਚ ਸਾਰੀਆਂ ਮੰਡੀਆ ਬਜ਼ਾਰ, ਬੈਂਕਾਂ ਅਤੇ ਦਫਤਰ ਬੰਦ ਰਹੇ।

● ਕਾਂਗਰਸ (ਆਈ) ਦੇ ਸਮਾਜ ਵਿਰੋਧੀ ਤੱਤਾਂ ਨੇ ਅਮਨ ਮਈ ਵਲੰਟੀਅਰਾਂ ਉਤੇ ਹਮਲੇ ਕਰ ਦਿਤੇ ਅਤੇ ਇਹਨਾਂ ਹਮ-ਲਿਆਂ ਵਿਚ ਕੁਝ ਔਰਤਾਂ ਨੂੰ ਗੰਭੀਰ ਰੂਪ ਵਿਚ ਜ਼ਖਮੀ ਕਰ ਦਿਤਾ।

## ਉਤਰ ਪ੍ਰਦੇਸ਼

ਕਾਨਪੁਰ ਅਤੇ ਲਖਨਊ ਵਿਚ ਬੰਦ ਮੁਕੰਮਲ ਰਿਹਾ। ਬਾਕੀ ਕੇਂਦਰਾਂ ਤੋਂ ਰਿਪੋਰਟਾਂ ਉਡੀਕੀਆਂ ਜਾ ਰਹੀਆਂ ਹਨ।

## ਰੇਲਵੇ

● ਕੇਰਲਾ, ਪੱਛਮੀ ਬੰਗਾਲ ਤੇ ਆਂਧਰਾਂ ਪ੍ਰਦੇਸ਼ ਤੋਂ ਕੋਈ ਗੱਡੀ ਨਹੀਂ ਚਲੀ।

● ਪੂਰਬੀ ਰੇਲਵੇ, ਦੱਖਣ-ਪੂਰਬੀ ਰੇਲਵੇ, ਦੱਖਣ ਕੇਂਦਰੀ ਅਤੇ ਦੱਖਣ ਪੱਛਮੀ ਰੇਲਵੇ ਸੈਕਟਰਾਂ ਵਿਚ ਰੇਲ ਸੇਵਾਵਾਂ ਪੂਰੀ ਤਰਾਂ ਠੱਪ ਰਹੀਆਂ।

## ਹਵਾਈ-ਜਹਾਜ਼

● ਮੁਲਾਜ਼ਮਾਂ ਦੀ ਹੜਤਾਲ ਕਾਰਨ ਇੰਡੀਅਨ ਏਅਰ-ਲਾਈਨਜ਼ ਦੀਆਂ ਸੇਵਾਵਾਂ ਪੂਰੀ ਤਰਾਂ ਠੱਪ ਰਹੀਆਂ।

## ਬੰਦ ਸਮਰਥਕ ਪਾਰਟੀਆਂ ਵਲੋਂ ਭਾਰਤ ਬੰਦ ਸਫਲਤਾ ਤੇ ਲੋਕਾਂ ਨੂੰ ਵਧਾਈ

ਕਾਮਰੇਡ ਈ ਐਮ. ਐਸ. ਨੰਬੂਦਰੀਪਾਦ ਸੀ. ਪੀ. ਆਈ. (ਐਮ), ਰਾਮਧਨ (ਜਨ ਮੋਰਚਾ), ਐਮ. ਫਰੂਕੀ (ਸੀ. ਪੀ. ਆਈ.), ਕੇ. ਪੀ. ਉੱਨੀ ਕ੍ਰਿਸ਼ਨਨ (ਕਾਂਗਰਸ-ਐਸ), ਤ੍ਰਿਦੀਪ ਚੌਧਰੀ (ਆਰ. ਐਸ. ਪੀ.), ਸੁਬਰਾਮਨੀ-ਅਮ ਸੁਆਮੀ (ਜਨਤਾ), ਸੀ. ਮਾਧਵ ਰੈਡੀ (ਟੀ. ਡੀ. ਪੀ.) ਅਤੇ ਚਿੱਤਾ ਬਾਸੂ (ਫਾਰਵਰਡ ਬਲਾਕ) ਨੇ ਭਾਰਤ ਬੰਦ ਦੀ ਸਫਲਤਾ ਬਾਰੇ ਹੇਠ ਲਿਖਿਆ ਬਿਆਨ ਜਾਰੀ ਕੀਤਾ ਹੈ:

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਅਸਤੀਫੇ ਅਤੇ ਮਧਕਾਲੀ ਚੋਣਾਂ ਦੀ ਮੰਗ ਕਰਦੇ ਭਾਰਤ ਬੰਦ ਦੇ ਸੱਦੇ ਨੂੰ ਮਿਲੇ ਬੇਮਿਸਾਲ ਹੁੰਗਾਰੇ ਲਈ ਅਸੀਂ ਭਾਰਤ ਦੇ ਲੋਕਾਂ ਨੂੰ ਵਧਾਈ ਦਿੰਦੇ ਹਾਂ।

ਭਾਰਤ ਬੰਦ ਦੌਰਾਨ ਸਾਰੇ ਪ੍ਰਮੁੱਖ ਸ਼ਹਿਰਾਂ ਅਤੇ ਸਨਅਤੀ ਕੇਂਦਰਾਂ ਵਿਚ ਆਮ ਕੰਮ ਕਾਜ ਪੂਰੀ ਤਰਾਂ ਠੱਪ ਹੋ ਕੇ ਰਹਿ ਗਿਆ। ਕਲਕੱਤਾ, ਬੰਬਈ, ਮਦਰਾਸ ਬੰਗਲੌਰ, ਹੈਦਰਾਬਾਦ, ਤ੍ਰਿਵੇਂਦਰਮ, ਜੈਪੁਰ, ਪਟਨਾ, ਭੁਬਨੇਸ਼ਵਰ, ਲਖਨਊ, ਕਾਨਪੁਰ ਕੁਝ ਕੁ ਸ਼ਹਿਰਾਂ ਦੀਆਂ ਉਦਾਹ-ਰਣਾਂ ਹਨ ਜਿਥੇ ਆਮ ਸਰਗਰਮੀਆਂ ਪੂਰੀ ਤਰਾਂ ਠੱਪ ਰਹੀਆਂ। ਜਨ-ਜੀਵਨ ਪੂਰੀ ਤਰਾਂ ਰੁਕ ਗਿਆ।

ਪ੍ਰਸ਼ਾਸਨ ਵਲੋਂ ਸਾਰੀਆਂ ਤਿਆ-ਰੀਆਂ ਅਤੇ ਪੁਲਿਸ ਅੱਤਿਆਚਾਰ ਦੇ ਬਾਵਜੂਦ ਖੁਦ ਰਾਜਧਾਨੀ ਦਿੱਲੀ ਵਿਚ ਭਾਰਤ ਬੰਦ ਨੂੰ ਭਰਵਾਂ ਹੁੰਗਾਰਾ ਮਿਲਿਆ। ਸਮੁਚੇ ਦੇਸ਼ ਵਿਚ ਪਬਲਿਕ ਸੈਕਟਰ ਦੀਆਂ ਸਨਅਤੀ ਇਕਾਈਆਂ ਪੂਰੀ ਤਰਾਂ ਬੰਦ ਰਹੀਆਂ।

## ਅੱਜ-ਕੱਲ੍ਹ /ਧਰਮ ਕੰਮੇਆਣਾ

ਕਿਸੇ ਝੂਠੇ ਨਗ ਵਾਲੀ ਪਿੱਤਲ ਦੀ ਮੁੰਦਰੀ 'ਤੇ
(ਮੁੰਦਰੀ ਜੋ ਸੁੱਚੇ ਵਾਅਦਿਆਂ ਦੀ ਗਵਾਹ ਹੈ)
ਜਿੰਦ ਤੱਕ ਵਾਰ ਦੇਣ ਵਾਲੀ ਪੰਜਾਬਣ
ਅੱਜ-ਕੱਲ ਬਹੁਤ ਉਦਾਸ ਹੈ

ਇਸ ਵਾਰੀਂ ਖੇਤਾਂ 'ਚੋਂ ਘਰੀਂ ਕਣਕ ਨਹੀਂ ਆਈ
ਕਾਲੇ ਪੈ ਗਏ. ਪੁੰਗਰੇ ਹੋਏ ਦਾਣੇ ਆਏ ਨੇ
(ਪਤਾ ਨਹੀਂ ਪਾਣੀ 'ਚ ਭਿੱਜੇ ਨੇ
ਪਤਾ ਨਹੀਂ ਲਹੂ 'ਚ ਡੁੱਬੇ ਨੇ)

ਇਸ ਵਾਰੀਂ
ਸੰਘਣੇ ਝੋਨਿਆਂ ਦੀ ਸ਼ਰਬਤੀ ਮਹਿਕ, ਰੂਹ ਦਾ ਖੇੜਾ ਨਹੀਂ ਬਣੀ
ਸਗੋਂ ਖੁਸ਼ਕ ਵਾਹਣਾਂ ਦੀਆਂ ਤ੍ਰੇੜਾਂ
ਮੱਥੇ ਦੀਆਂ ਤਿਊੜੀਆਂ 'ਚ ਉਭਰ ਆਈਆਂ ਨੇ
ਕਿਉਂਕਿ, ਇਸ ਵਾਰੀਂ ਅੰਬਰ ਤੋਂ ਪਾਣੀ ਨਹੀਂ ਡੁੱਲ੍ਹੇ
ਡੁੱਲ੍ਹੇ ਹਨ ਤਾਂ ਮਾਵਾਂ ਦੇ ਅੱਥਰੂ ਡੁੱਲ੍ਹੇ ਹਨ

ਇਸ ਵਾਰੀਂ
ਪਿੰਡ ਦੇ ਬੁੱਢੇ ਪਿੱਪਲ ਹੇਠਾਂ ਤੀਆਂ ਨਹੀਂ ਲੱਗੀਆਂ
ਲੱਗੀਆਂ ਨੇ ਤਾਂ ਬੁੱਢੇ ਬਾਪੂਆਂ ਦੀਆਂ ਡੰਗੋਰੀਆਂ ਨੂੰ ਹੱਥਕੜੀਆਂ ਲੱਗੀਆਂ ਨੇ
ਇਸ ਵਾਰੀਂ, ਖੱਟੀ ਚੁੰਨੀ ਲੈਣ ਗਿਆ ਗੁੱਡੋ ਦਾ ਵੀਰਾ ਨਹੀਂ ਆਇਆ
ਆਇਆ ਹੈ ਤਾਂ ਪੁਲ 'ਤੇ ਪਈ ਲਾਸ਼ ਦਾ ਸੁਨੇਹਾਂ ਆਇਆ ਹੈ
ਜਿਸ ਦਿਨ ਤੋਂ, ਕੁੱਝ ਨਾਸਮਝ ਤੇ ਕੁੱਝ ਖੁਦਗਰਜ਼ ਲੋਕਾਂ
'ਮਹਾਂ-ਪੁਰਸ਼ਾਂ ਦੀ ਕਵਿਤਾ' ਆਤਸ਼ੀ ਹਥਿਆਰਾਂ 'ਤੇ ਚਿਪਕਾਈ ਹੈ
ਉਸ ਦਿਨ ਤੋਂ ਇਹਦਿਆਂ ਘਰਾਂ 'ਚੋਂ ਬਰਾਤਾਂ ਨਹੀਂ ਤੁਰਦੀਆਂ
ਅਰਥੀਆਂ ਨਿਕਲਦੀਆਂ ਨੇ

ਮਾਂ ਦੀ ਲੋਰੀ ਵਰਗੇ
ਸੁੱਚੇ, ਸੁਹਿਰਦ ਅਤੇ ਭੋਲੇ ਦਿਲ ਵਾਲੀ ਪੰਜਾਬਣ
ਅੱਜ-ਕੱਲ ਬਹੁਤ ਉਦਾਸ ਹੈ, ਬਹੁਤ ਉਦਾਸ ਹੈ 0



## ਗ਼ਜ਼ਲ /ਇਕਵਿੰਦਰ ਸਿੰਘ

ਆਪਣੇ ਵਰਗੇ ਬੇ-ਵੱਸ ਪੰਛੀ ਭਾਲ ਲਏ ਨੇ ਮੈਂ ।
ਆਪਣੀ ਭਾਲ 'ਚ ਸੈਆਂ ਦੀਵੇ ਬਾਲ ਲਏ ਨੇ ਮੈਂ ।

ਅੰਬਰ 'ਚੋਂ ਕੁਝ ਗੁੱਝੇ ਸੂਰਜ ਭਾਲ ਲਏ ਨੇ ਮੈਂ ।
ਕੰਮ ਅਧੂਰੇ ਦੁਨੀਆਂ ਦੇ ਸੰਭਾਲ ਲਏ ਨੇ ਮੈਂ ।

ਦਰਦੀਲੇ ਵਕਤਾਂ ਦੇ ਸਿੱਕੇ ਢਾਲ ਲਏ ਨੇ ਮੈਂ ।
ਯਾਦ-ਪਟੋਲੇ ਦਿਲ ਅੰਦਰ ਸੰਭਾਲ ਲਏ ਨੇ ਮੈਂ ।

ਇਕ ਉਂਗਲੀ ਤੋਂ ਲਾਹਵਾਂ ਤੰਦਾਂ ਚਿਪਕਣ ਦੂਜੀ ਨਾਲ,
ਐਵੇਂ ਹੀ ਛੂਹ ਮੱਕੜੀਆਂ ਦੇ ਜਾਲ ਲਏ ਨੇ ਮੈਂ ।

ਤੁਪਕੇ ਦੀ ਰੂਹ ਅੰਦਰ ਉਤਰਨ ਦਾ ਲੱਭਿਆ ਨਾ ਰਾਹ,
ਆਖਣ ਨੂੰ ਤਾਂ ਸਾਗਰ ਵੀ ਹੰਗਾਲ ਲਏ ਨੇ ਮੈਂ ।

ਮੈਨੂੰ ਹਰ ਇਕ ਵਿਚੋਂ ਆਇਆ ਹਉਮੈਂ ਦਾ ਹੀ ਸੇਕ,
ਲੰਮੇ-ਬੌਣੇ ਪਰਛਾਵੇਂ ਪੜਤਾਲ ਲਏ ਨੇ ਮੈਂ ।

ਮੇਰੇ ਉੱਪਰ ਝੀਲਾਂ ਡੀਕਣ ਦਾ ਲੱਗਿਆ ਏ ਦੋਸ਼,
ਇਕ-ਦੋ ਤੁਪਕੇ 'ਇਕਵਿੰਦਰ' ਫਿਲਹਾਲ ਲਏ ਨੇ ਮੈਂ ।

0

# ਕਾਲਕੋਠੜੀਆਂ ਦੇ ਅਰਥ

## –ਅਮਰਦੀਪ ਗਿੱਲ

—ਤੁਸੀਂ ਕਾਲਕੋਠੜੀਆਂ ਦੇ ਅਰਥ—
ਸਾਨੂੰ ਕੀ ਸਮਝਾਉਣਾ ਚਾਹੁੰਦੇ ਹੋ ?
ਅਸੀਂ ਜ਼ਿਹਨ 'ਚ ਰੌਸ਼ਨੀ ਲੈਕੇ—
ਪੈਦਾ ਨਹੀਂ ਹੋਏ ਤਾਂ ਕੀ ?
ਹਨ੍ਹੇਰੇ ਦੇ ਮਰਨ ਤੋਂ—
ਪੈਦਾ ਹੋਣ ਵਾਲੇ ਚਾਨਣ ਦੀ ਆਮਦ ਦਾ—
ਸੁਨੇਹਾ ਹਾਂ ਅਸੀਂ,
—ਪਰ ਤੁਹਾਡੇ ਨਿਜ਼ਾਮ ਵਿੱਚ ਵੀ ਸ਼ਾਇਦ—
ਕਾਲਕੋਠੜੀਆਂ ਤੋਂ ਵੱਡਾ—
ਕੋਈ "ਸਨਮਾਨ" ਨਹੀਂ ਹੈ,
ਦਸੰਬਰੀਏ ਹੋਣ, ਬੇਂਜਾਮਿਨ ਮੋਲਾਇਸੇ ਹੋਵੇ—
ਜਾਂ ਅੱਜ ਦਾ ਨੇਲਸਨ ਮੰਡੇਲਾ
ਹਰ ਇਕ ਦੇ ਸੰਘਰਸ਼ ਦੀ ਤਾਰੀਖ ਵਿੱਚ—
ਮਿਲਦਾ ਹੈ "ਕਾਲਕੋਠੜੀ" ਸ਼ਬਦ—
ਸੁਨਹਿਰੀ ਅੱਖਰਾਂ ਵਿਚ ਲਿਖਿਆ ਹੋਇਆ,
—ਤੁਸੀਂ ਸੂਰਜਾਂ ਨੂੰ—
ਹਨ੍ਹੇਰਿਆਂ ਵਿੱਚ ਕੈਦ ਕਰਨ ਦਾ ਭਰਮ—
ਕਿਉਂ ਪਾਲਦੇ ਹੋ ਅੱਜ ਤੱਕ ?
ਜਦਕਿ ਗੱਲ ਬੜੀ ਘੋੜ ਚੜੀ ਹੈ ਕਿ
ਹਰ ਰਾਤ ਦੀ ਸਵੇਰ ਹੁੰਦੀ ਹੈ
ਫਿਰ ਵੀ ਤੁਸੀਂ ਪਤਾ ਨਹੀਂ ਕਿਉਂ ?
ਵਕਤ ਨੂੰ ਬੇੜੀਆਂ ਵਿੱਚ ਜਕੜਨ ਦੇ—
ਕਰਦੇ ਹੋ ਨਿਪੁੰਸਕ ਯਤਨ,
ਤੁਸੀਂ ਵਿਚਾਰੇ ਤਰਸ ਦੇ ਪਾਤਰ—
ਕਾਲਕੋਠੜੀਆਂ ਦੇ ਅਰਥ—
ਸਾਨੂੰ ਕੀ ਸਮਝਾਉਣਾ ਚਾਹੁੰਦੇ ਹੋ ?



ਨਜ਼ਮ

## ਅਸੁਰੱਖਿਅਤਾ

○

**ਸੁਖਵਿੰਦਰ ਸਿੰਘ ਕੰਬੋਜ**

ਤੂੰ ਕਿੰਨਾ ਕੁ ਚਿਰ ਉਹਲਿਆਂ ਦੇ ਪ੍ਰਛਾਵੇਂ ਭਾਲਦੀ
ਖਫ਼ਾ ਹੁੰਦੀ ਰਹੇਂਗੀ ਨਖਲਿਸਤਾਨਾਂ ਤੇ
ਤੂੰ ਕਿੰਨਾ ਕੁ ਚਿਰ ਆਤਮਕ ਦੁੱਖ ਦੇ ਬਹਾਨੇ
ਲੁਕਦੀ ਰਹੇਂਗੀ ਜ਼ਿੰਦਗੀ ਦੀ ਰੌਸ਼ਨੀ ਤੋਂ
ਤੂੰ ਕਿੰਨਾ ਕੁ ਚਿਰ ਭਾਵਨਾਵਾਂ ਦੀ
ਅਸੁਰੱਖਿਅਤ ਨਦੀ 'ਚ ਰੁੜ੍ਹਦੀ
ਕਰਦੀ ਰਹੇਂਗੀ ਵਿਰਲਾਪ ਮੌਸਮਾਂ ਦੀ ਉਡੀਕ ਦਾ
ਤੂੰ ਕਿੰਨਾ ਕੁ ਚਿਰ ਵਰਤਮਾਨ ਦੀ ਕਬਰ ਤੇ
ਰਹੇਂਗੀ ਦੀਵੇ ਜਗਾਉਂਦੀ
ਕਿ ਸ਼ਾਇਦ ਕੋਈ ਰੁੱਤ ਤੇਰਾ ਹਾਣ ਬਣੇ
ਤੂੰ ਕਿੰਨਾ ਸਮਾਂ ਹੋਰ ਅਤੀਤ ਦੇ ਪਹਾੜਾਂ ਨੂੰ
ਸਰਗੋਸ਼ੀਆਂ ਦੇ ਜੰਗਲ 'ਚ ਇਕੱਲਿਆਂ ਛੱਡ
ਭਵਿੱਖ ਦੀਆਂ ਸਰਦਲਾਂ ਤੇ ਲਹੂ ਲੁਹਾਨ ਹੁੰਦੀ ਰਹੇਂਗੀ
ਜਦੋਂ ਕਿ ਵਰਤਮਾਨ ਦੇ ਹਨ੍ਹੇਰੇ ਦਾ ਥੱਕਿਆ ਘੋੜਾ
ਤੇਰੀਆਂ ਸੋਚਾਂ ਵਿਚ ਇਕ ਪਲ ਤੁਰਨ ਤੋਂ ਇਨਕਾਰੀ ਹੈ
ਸਮੇਂ ਦੇ ਰੱਥ ਜੇ ਖੜ ਸਕਦੇ ਤੇਰੇ ਖਲੋਤਿਆਂ
ਤਾਂ ਮੈਂ ਧੁੱਪ ਨੂੰ ਖਿਲਾਰ ਦਿੰਦਾ
ਤੇਰੀਆਂ ਉਡੀਕ ਰਾਤ ਅੱਖਾਂ ਵਿਚ
ਜੇ ਬ੍ਰਿਖਾਂ 'ਚੋਂ ਵਗਦੀ ਠੰਡੀ ਹਵਾ ਰੋਕ ਸਕਦੀ
ਪ੍ਰਛਾਵਿਆਂ ਨੂੰ ਰਾਤ ਦੀ ਦਲਦਲ 'ਚ ਡੁੱਬਣੋਂ
ਜੇ ਪਹਾੜੀ ਟਿੱਲੇ ਤੇ ਮੈਂ ਬੰਨ੍ਹ ਸਕਦਾ
ਲਵਾਂਡੇ 'ਚ ਕੰਬ ਰਹੇ ਚੰਨ ਦੀ ਟਿੱਕੀ
ਜੇ ਤੇਰੀ ਦੁਬਿਧਾ ਦਾ ਰੰਗ ਮੰਜ਼ਿਲ ਹੁੰਦਾ
ਤਾਂ ਘਟਨਾਵਾਂ ਦੀਆਂ ਬਦਲੀਆਂ ਦਾ ਰੰਗ ਹੋਰ ਹੋਣਾ ਸੀ
ਵਹਿੰਦੇ ਪਾਣੀਆਂ ਦੇ ਸਮੁੰਦਰ ਜੇ ਮੁੱਕ ਸਕਦੇ
ਤਾਂ ਮੈਂ ਤੇਰੇ ਟੁੱਟੇ ਭਾਂਡਿਆਂ 'ਚ ਹੀ ਭਰ ਦਿੰਦਾ ਪ੍ਰਸ਼ਨ ਜਲ
ਪਰ ਅਫ਼ਸੋਸ ! ਪੌਣ ਹਮੇਸ਼ਾ ਰੁਮਕਦੀ ਹੈ
ਤੇ ਈਲੀਅਟ ਦੀ ਬੰਜਰ ਧਰਤੀ ਸਦਾ ਬਾਂਝ ਨਹੀਂ ਰਹਿੰਦੀ
ਇਸੇ ਲਈ ਮੇਰੀ ਦੋਸਤ, ਆ ਆਪਾਂ
ਸੰਧਿਆ ਹੋਣ ਤੋਂ ਪਹਿਲਾਂ ਸੂਰਜ ਦੇ
ਸਤਵੇਂ ਘੋੜੇ ਨੂੰ ਮੁੱਲ ਲੈ ਲਈਏ
ਤੇ ਸਫ਼ਰ ਦੀ ਪਿਆਸ ਬਣ ਨਿਕਲੀਏ ।



# ਸ਼ਹੀਦ ਪਾਸ਼ ਅਤੇ ਪੱਡਾ ਨੂੰ ਸ਼ਰਧਾਂਜਲੀ

ਖਾਲਿਸਤਾਨੀ-ਅਤਿਵਾਦੀਆਂ ਨੇ ਪਿਛਲੇ ਮਹੀਨੇ ਕਵੀ ਅਵਤਾਰ 'ਪਾਸ਼' ਅਤੇ ਜੈਮਲ 'ਪੱਡਾ' ਨੂੰ ਬੇਜ਼ਦਿਲਾਨਾਂ ਢੰਗ ਨਾਲ ਤੇ ਧੋਖੇ ਨਾਲ ਲੁਕ ਕੇ ਸ਼ਹੀਦ ਕਰ ਦਿੱਤਾ ਹੈ। 'ਪਾਸ਼' ਅਤੇ 'ਪੱਡਾ' ਤੋਂ ਪਹਿਲਾਂ ਸਰਬ ਸਾਥੀ ਦਰਸ਼ਨ ਸਿੰਘ ਕੈਨੇਡੀਅਨ, ਚੰਨਣ ਸਿੰਘ ਧੂਤ, ਬਲਦੇਵ 'ਮਾਨ', ਗੁਰਨਾਮ 'ਉਪਲ', ਦੀਪਕ ਧਵਨ, ਸੁਮੀਤ ਆਦਿ ਲੋਕਾਂ ਦੇ ਆਗੂਆਂ ਨੂੰ ਅਤੇ ਹੋਰਨਾਂ ਅਨੇਕਾਂ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਇਸਤਰੀਆਂ, ਬੱਚਿਆਂ, ਬੁਢਿਆਂ ਨੂੰ ਅਤੇ ਬੇਗੁਨਾਹ ਹਿਦੂਆਂ ਅਤੇ ਦੂਜੀਆਂ ਪਾਰਟੀਆਂ ਦੇ ਲੋਕਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਹੈ ।

ਪਾਸ਼ ਅਤੇ ਪੱਡੇ ਦੇ ਵਿਚਾਰਾਂ ਦੇ ਲੋਕਾਂ ਨੂੰ ਕਤਲ ਕਰਨ ਦਾ ਕਾਰਨ ਇਹ ਹੈ ਕਿ ਇਹ ਲੋਕ ਖੁਲ੍ਹੇ ਤੌਰ ਉਪਰ ਖਾਲਿਸਤਾਨੀ ਅਮਰੀਕਨ ਪਿਠੂਆਂ ਦੇ, ਲੋਕਾਂ ਨੂੰ ਫਿਰਕੂ ਲੀਹਾਂ ਉਪਰ ਪਾੜਨ, ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਭੰਗ ਕਰਨ ਦੇ ਕੁਲਹਿਣੇ ਮਨਸੂਬਿਆਂ ਦਾ ਲਗਾਤਾਰ ਦਰਿੜਤਾ ਨਾਲ ਵਿਰੋਧ ਕਰ ਰਹੇ ਸਨ

ਪੰਜਾਬ ਦੇ ਲੋਕ ਸਮਝ ਗਏ ਹਨ ਕਿ ਪੰਜਾਬ ਮਸਲੇ ਨੂੰ ਲਮਕਾ ਕੇ ਕੇਂਦਰੀ ਸਰਕਾਰ ਆਪਣੇ ਤੰਗ-ਰਾਜਸੀ ਉਦੇਸ਼ਾਂ ਦੀ ਪ੍ਰਾਪਤੀ ਕਰਨੀ ਚਾਹੁੰਦੀ ਹੈ। ਏਸੇ ਲਈ ਉਸ ਨੇ ਇਨ੍ਹਾਂ ਖਾਲਿਸਤਾਨੀ ਦਹਿਸ਼ਤਗਰਦਾਂ ਨੂੰ ਇਥੋਂ ਤੱਕ ਪੁਜਣ ਲਈ ਸਹਾਇਤਾ ਕੀਤੀ । ਕੇਂਦਰੀ ਸਰਕਾਰ ਕੌਮੀ ਹਿਤਾਂ ਨਾਲੋਂ ਪਾਰਟੀ ਹਿਤਾਂ ਨੂੰ ਪਹਿਲ ਦਿੰਦੀ ਹੋਣ ਕਰਕੇ ਹੀ, ਪੰਜਾਬ ਮਸਲੇ ਨੂੰ ਹੱਲ ਨਹੀਂ ਕਰਨਾ ਚਾਹੁੰਦੀ ਸੀ।

ਅਸੀਂ ਕਵੀ 'ਪਾਸ਼' ਅਤੇ ਜੈਮਲ 'ਪੱਡਾ' ਦੇ ਵੱਖਵਾਦੀਆਂ ਵਿਰੁਧ ਕੀਤੇ ਸੰਗਰਾਮ ਅਗੇ ਸਿਰ ਝੁਕਾਉਂਦੇ ਹਾਂ ਅਤੇ ਸਾਨੂੰ ਪੂਰਨ ਆਸ ਹੈ ਕਿ ਅੰਤਮ ਜਿੱਤ ਲੋਕ ਸ਼ਕਤੀਆਂ ਦੀ ਹੀ ਹੋਵੇਗੀ। ਇਹ ਜਨੂੰਨੀ ਨ੍ਹੇਰ ਦਾ ਦੌਰ ਕਿੰਨਾ ਵੀ ਲੰਬਾ ਹੋਵੇ ਪਰ ਇਸ ਦਾ ਅੰਤ ਸੂਰਜ ਚੜ੍ਹਨ ਵਾਂਗ ਅਟੱਲ ਹੈ। ਇਸ ਸਮੇਂ ਉਪਰ ਅਸੀਂ ਹੋਰਨਾਂ ਸੈਂਕੜੇ ਲੋਕਾਂ ਦੇ ਪਰਵਾਰਾਂ ਨਾਲ ਵੀ ਹਮਦਰਦੀ ਪ੍ਰਗਟ ਕਰਦੇ ਹਾਂ ਜਿਨ੍ਹਾਂ ਦੇ ਮੈਂਬਰਾਂ ਨੂੰ ਖਾਲਿਸਤਾਨੀ ਸਾਜ਼ਸ਼ਾਂ ਨੇ ਨਿਗਲ ਲਿਆ ਹੈ।

# ਬੰਬੇ ਸਵੀਟਸ ਨੂੰ ਡੂੰਘਾ ਸਦਮਾ

ਵੈਨਕੂਵਰ ਵਿਚ ਮਠਿਆਈਆਂ ਦੀ ਪ੍ਰਸਿਧ ਦੁਕਾਨ **ਬੰਬੇ ਸਵੀਟਸ** ਦੇ ਮਾਲਕ ਸ੍ਰੀ ਨਿਰੇਸ਼ ਸ਼ੁਕਲਾ ਪ੍ਰਵਾਰ ਨੂੰ ਇਕ ਡੂੰਘਾ ਸਦਮਾ ਲੱਗਾ ਹੈ। ਉਨ੍ਹਾਂ ਦੇ ਵੱਡੇ ਭਰਾ ਸ੍ਰੀ ਤੇਜ ਸਰੂਪ ਸ਼ੁਕਲਾ ਦੀ ਖਾਲਿਸਤਾਨੀ ਅਤਿਵਾਦੀਆਂ ਨੇ ਨਿਰਦਾਇਤਾ ਨਾਲ ਹੱਤਿਆ ਕਰ ਦਿੱਤੀ । ਉਹ ਪਿੰਡ ਦੇ ਸਰਪੰਚ ਸਨ ਅਤੇ ਦੁਕਾਨ ਕਰਨ ਦੇ ਨਾਲ ਉਨ੍ਹਾਂ ਕੋਲ ਅਖਬਾਰਾਂ ਦੀ ਏਜੰਸੀ ਸੀ। ਸਵੇਰ ਵੇਲੇ ਜਦੋਂ ਹੀ ਅਖਬਾਰਾਂ ਦੇ ਬੰਡਲ ਖੋਲ ਰਹੇ ਸਨ ਤਾਂ'ਦੋ ਸਕੂਟਰ ਸਵਾਰ ਅਤਿਵਾਦੀ ਖਾਲਿਸਤਾਨੀਆਂ ਨੇ ਉਨ੍ਹਾਂ ਉਪਰ ਮਸ਼ੀਨ ਗੰਨਾਂ ਨਾਲ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਕਤਲ ਕਰ ਦਿੱਤਾ ।

ਸ੍ਰੀ ਸ਼ੁਕਲਾ ਪੰਜਾਬ ਵਿਚ ਹੋਰਨਾਂ ਸੈਂਕੜੇ ਬੇਗੁਨਾਹ ਲੋਕਾਂ ਵਾਂਗ ਹੀ, ਵੱਖਵਾਦੀਆਂ ਦੀ ਫਿਰਕੂ ਦਰਿੰਦਗੀ ਅਤੇ ਨਫਰਤ ਦਾ ਸ਼ਿਕਾਰ ਹੋ ਗਏ । ਸਾਮਰਾਜੀ ਅਤੇ ਪਾਕਿਸਤਾਨ ਦੀ ਸ਼ਹਿ ਉਪਰ ਲੋਕਾਂ ਦੀ ਏਕਤਾ ਅਤੇ ਦੇਸ਼ ਦੀ ਅਖੰਡਤਾ ਨੂੰ ਤੋੜਨ ਲਈ ਸਰਗਰਮ ਖਾਲਿਸਤਾਨੀ ਹਰ ਨਵੇਂ ਦਿਨ ਗੈਰ ਮਨੁੱਖੀ ਜ਼ੁਲਮ ਕਰਕੇ ਬੇਗੁਨਾਹਾਂ ਨੂੰ ਕਤਲ ਕਰਦੇ ਹਨ ।

ਅਸੀਂ ਲੋਕਤਾ ਵਲੋਂ ਸ਼ੁਕਲਾ ਪ੍ਰਵਾਰ ਦੇ ਇਸ ਡੂੰਘੇ ਸਦਮੇਂ ਵਿਚ ਸ਼ਾਮਲ ਹੁੰਦੇ ਹਾਂ ਅਤੇ ਖਾਲਿਸਤਾਨੀ ਅਤਿਵਾਦੀਆਂ ਦੀ ਹੈਵਾਨੀਅਤ ਦੀ ਸਖਤ ਨਿਖੇਧੀ ਕਰਦੇ ਹਾਂ ।

ਕੇਂਦਰ ਸਰਕਾਰ ਵਲੋਂ ਕੀਤੇ ਗਏ ਬੇਸ਼ਰਮੀ ਭਰੇ ਪੱਖਪਾਤ ਵਾਲੇ ਪ੍ਰਚਾਰ ਅਤੇ ਸਰਕਾਰ ਵਲੋਂ ਚੁਕੇ ਗਏ ਬੇਮਿਸਾਲ ਤਸ਼ੱਦਦਮਈ ਕਦਮਾਂ ਦੇ ਪਿਛੋਕੜ ਵਿਚ ਭਾਰਤ ਬੰਦ ਨੂੰ ਮਿਲੇ ਭਰਵੇਂ ਹੁੰਗਾਰੇ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਵਹਿਸ਼ੀ ਲਾਠੀਚਾਰਜ, ਹਿਫਾਜਤੀ ਗ੍ਰਿਫਤਾਰੀਆਂ, ਐਨ. ਐਸ. ਏ. ਲਾਗੂ ਕਰਨ ਅਤੇ ਕਾਂਗਰਸ (ਆਈ) ਦੇ ਭਾੜੇ ਦੇ ਗੁੰਡਿਆਂ ਵਲੋਂ ਕੀਤੇ ਗਏ ਹਮਲੇ ਕੁਝ ਕੁ ਅੱਤਿਆਚਾਰੀ ਢੰਗ-ਤਰੀਕੇ ਹਨ ਜਿਹੜੇ ਅਮਨ-ਮਈ ਵਲੰਟੀਅਰਾਂ ਵਿਰੁਧ ਵਰਤੇ ਗਏ। 150000 ਤੋਂ ਵਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਹਨਾਂ ਵਿਚ ਰਾਜਨੀਤਕ ਪਾਰਟੀਆਂ ਦੇ ਪ੍ਰਮੁੱਖ ਆਗੂ ਅਤੇ ਕੁਝ ਸਾਬਕਾ ਮੁੱਖ ਮੰਤਰੀ ਵੀ ਸ਼ਾਮਲ ਹਨ। ਇਸ ਦੇ ਇਲਾਵਾ ਜਿਸ ਢੰਗ ਨਾਲ ਲੋਕਾਂ ਨੇ ਬੰਦ ਦਾ ਹੁੰਗਾਰਾ ਭਰਿਆ ਹੈ ਅਤੇ ਜਿਸ ਵਡੇ ਪੱਧਰ ਤੇ ਆਮ ਸਰਗਰਮੀਆਂ ਤੇ ਜਨ-ਜੀਵਨ ਨੂੰ ਠੱਪ ਕਰ ਦਿਤਾ ਉਸ ਤੋਂ ਲੋਕਾਂ ਦੀ ਵਰਤਮਾਨ ਸਰਕਾਰ ਦੀਆਂ ਆਰਥਿਕ ਤੇ ਸਮਾਜਕ ਨੀਤੀਆਂ ਵਿਰੁਧ ਦ੍ਰਿੜਤਾ ਵਾਲੀ ਇੱਛਾ ਦਾ ਪ੍ਰਗਟਾਵਾ ਹੁੰਦਾ ਹੈ।

ਸਰਕਾਰ ਵਲੋਂ ਕੀਤੇ ਗਏ ਅੱਤਿਆਚਾਰ ਅਤੇ ਦੇਸ਼ ਭਰ ਵਿਚ ਕਾਂਗ-ਰਸ (ਆਈ) ਵਰਕਰਾਂ ਵਲੋਂ ਕੀਤੇ ਗਏ ਸਮਾਜ-ਵਿਰੋਧੀ ਹਮਲਿਆਂ ਦੀ ਭਰਪੂਰ ਨਿਖੇਧੀ ਕਰਦਿਆਂ ਅਸੀਂ ਭਾਰਤ ਦੇ ਲੋਕਾਂ ਦਾ ਭਾਰਤ ਬੰਦ ਦੇ ਇਸ ਸੱਦੇ ਨੂੰ ਮੁਕੰਮਲ ਤੌਰ ਤੇ ਸਫਲ ਬਣਾਉਣ ਲਈ ਉਹਨਾਂ ਵਲੋਂ ਭਰੇ ਗਏ ਇਕਮੁੱਠ ਹੁੰਗਾਰੇ ਲਈ ਉਹਨਾਂ ਦਾ ਧੰਨਵਾਦ ਕਰਦੇ ਹਾਂ। ਅਸੀਂ ਉਹਨਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਰਾਜੀਵ ਦੀ ਅਗਵਾਈ ਵਾਲੀ ਲੋਕ-ਵਿਰੋਧੀ ਸਰਕਾਰ ਦੀਆਂ ਨੀਤੀਆਂ ਵਿਰੁਧ ਆਪਣੀ ਇਕਮੁੱਠ ਲਹਿਰ ਨੂੰ ਜਾਰੀ ਰੱਖਣ।

ਤ੍ਰਿਪੁਰਾ ਵਿਖੇ ਕਾਂਗਰਸ (ਆਈ) ਸਰਕਾਰ ਵਲੋਂ ਐਨ. ਐਸ ਏ ਲਗਾਏ ਜਾਣ ਦੇ ਬਾਵਜੂਦ ਬੰਦ ਮੁਕੰਮਲ ਤੌਰ ਤੇ ਸਫਲ ਰਿਹਾ।

● ਸੈਂਕੜਿਆਂ ਦੀ ਗਿਣਤੀ ਵਿਚ ਗ੍ਰਿਫਤਾਰੀਆਂ ਕੀਤੀਆਂ ਗਈਆਂ ਜਿਨਾਂ 'ਚ ਸਾਬਕਾ ਮੁੱਖ ਮੰਤਰੀ, ਨਰਿਪਨ ਚੱਕਰਵਰਤੀ ਤੇ ਸੀ. ਪੀ. ਆਈ. (ਐਮ) ਦੇ 48 ਦੂਸਰੇ ਲੀਡਰ ਵੀ ਸ਼ਾਮਲ ਹਨ। ਗ੍ਰਿਫਤਾਰਾਂ ਵਿਚ ਚਾਰ ਸਾਬਕਾ ਮੰਤਰੀ ਵੀ ਸ਼ਾਮਲ ਹਨ।


# ਭਾਰਤੀ ਆਰਟ ਜਿਊਲਰ

**ਸੋਹਣੇ ਗਹਿਣੇ ਭਾਰਤੀ ਡਿਜ਼ਾਇਨਾਂ ਵਿੱਚ ਬਣਾਉਣ ਲਈ ਸਾਡੀ ਦੁਕਾਨ ਤੇ ਆਕੇ ਦਰਸ਼ਨ ਦਿਓ।**

ਅਸੀਂ ਈਸਟ ਇੰਡੀਅਨ ਗਹਿਣੇ ਬਣਾਉਣ 'ਚ ਮਾਹਰ ਅਤੇ ਕਰਾਫਟਵੇਅਰ, ਓਰੀਐਂਟਲ, ਚਾਂਦੀ ਸੋਨੇ ਦੇ ਗਹਿਣਿਆਂ ਦੀ ਮੁਰੰਮਤ ਵੀ ਕਰਦੇ ਹਾਂ। ਅਸੀਂ ਕੰਨਾਂ ਤੇ ਨੱਕ ਲਈ ਪਿਜਜ਼ ਵੀ ਬਣਾਉਂਦੇ ਹਾਂ।

**BHARTI ART JEWELLERS**

**6524 MAIN STREET, VANCOUVER B.C.**

**Bus. 327-8711 Res. 879-5610**


ਜੇਲ੍ਹ ਵਿਚ ਸੁੱਟ ਦਿੱਤਾ ਗਿਆ।

27 ਮਾਰਚ 1915 ਨੂੰ ਸੂਰਜ ਨਿਕਲਣ ਤੋਂ ਪਹਿਲਾਂ ਪੰਡਤ ਕਾਸ਼ੀ ਰਾਮ ਸਣੇ ਪੰਜ ਗਦਰੀ ਇਨਕਲਾਬੀਆਂ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਫਾਂਸੀ ਲਾ ਦਿੱਤਾ ਗਿਆ ਜਿਹੜੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਬੁਲੰਦ ਕਰਦੇ ਹੋਏ ਦੇਸ਼ ਖਾਤਰ ਆਪਣੀਆਂ ਜਾਨਾਂ ਵਾਰ ਗਏ।

ਹਰੀਸ਼ ਚੰਦਰ

**ਇਨਸਾਨੀਅਤ ਸਭਨਾਂ ਧਰਮਾਂ ਤੋਂ ਉਪਰ ਹੈ ਇਨਸਾਨ ਬਣੋ**


# FLAG

CHEVROLET OLDSMOBILE LTD.

**15250 - 104th. AVENUE, SURREY, B.C.**

**CANADA V3R 6N8**

ਨਵੀਂ ਕਾਰ ਲੈਣ ਦੀ ਸੋਚ ਰਹੇ ਹੋ, ਤਾਂ ਹੋਰ ਬਹੁਤ ਦੇਰ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ। ਆਪਣੇ ਇਲਾਕੇ ਵਿਚੋਂ ਸਭ ਤੋਂ ਸਸਤੀ ਕੀਮਤ ਅਤੇ ਹੋਰ

**TEL. (604)584-7411**

**OR 645-3597 (Pager)**

ਹਰ ਪ੍ਰਕਾਰ ਦੀਆਂ ਪੁਰਾਣੀਆਂ ਕਾਰਾਂ ਬੇਸ਼ੁਮਾਰ ਗਿਣਤੀ ਵਿਚ ਪੁੱਜ ਗਈਆਂ ਹਨ।

ਤੁਹਾਡੀ ਪਸੰਦ ਦੀ ਵਧੀਆ ਕਾਰ ਤੁਹਾਡੇ ਮਨ ਦੀ ਕੀਮਤ ਅਨੁਸਾਰ ਵੀ ਮਿਲ ਸਕਦੀ ਹੈ। ਮੌਕੇ ਤੋਂ ਲਾਭ ਉਠਾਓ। ਅਸੀਂ ਸੇਵਾ ਲਈ ਹਾਜ਼ਰ ਹਾਂ।



**TOP SALESMAN AWARD WINNER 1987**

# ਭਾਰਤ ਬੰਦ ਨੂੰ ਭਰਪੂਰ ਹੁੰਗਾਰਾ

ਕਾਂਗਰਸ ਆਈ ਦੀ ਅਗਵਾਈ ਵਿਚਲੀ ਕੇਂਦਰੀ ਸਰਕਾਰ ਅਤੇ ਦੂਜੀਆਂ ਰਾਜ ਸਰਕਾਰਾਂ ਵਲੋਂ ਪੰਦਰਾਂ ਮਾਰਚ ਦੇ ਭਾਰਤ ਬੰਦ ਦੇ ਖਿਲਾਫ ਹਰ ਤਰਾਂ ਦੇ ਗੁਮਰਾਹ-ਕੁੰਨ ਪਰਚਾਰ, ਧਮਕੀਆਂ ਅਤੇ ਹੋਰ ਹਰ ਤਰਾਂ ਦੇ ਹੁੰਦਿਆਂ ਹੋਇਆਂ, ਰੇਡੀਓ ਅਤੇ ਟੀ.ਵੀ. ਤੋਂ ਭਾਰਤ ਬੰਦ ਦੇ ਖਿਲਾਫ ਲਗਾਤਾਰ ਪਰਚਾਰ ਮੁਹਿੰਮ ਦੇ ਹੁੰਦਿਆਂ ਹੋਇਆਂ ਅਤੇ ਵੱਖ ਵੱਖ ਰਾਜ ਸਰਕਾਰਾਂ ਵਲੋਂ ਬੰਦ ਸਮਰਥਕ ਪਾਰਟੀਆਂ ਦੇ ਵਰਕਰਾਂ ਦੀਆਂ ਗ੍ਰਿਫ-ਤਾਰੀਆਂ ਅਤੇ ਹੋਰ ਦਹਿਸ਼ਤ-ਪਾਊ ਕਦਮਾਂ ਅਤੇ ਹੁਕਮਾਂ ਦੇ ਹੁੰਦਿਆਂ ਹੋਇਆਂ—ਅਤੇ ਇਸ ਤੋਂ ਬਿਨਾਂ ਹਾਕਮ ਕਾਂਗਰਸ ਆਈ ਤੇ ਉਸਦੀ ਅਗਵਾਈ ਵਿਚਲੀਆਂ ਜਥੇਬੰਦੀਆਂ ਦੀ ਪਰਚਾਰ ਮੁਹਿੰਮ ਅਤੇ ਗੁੰਡਾਗਰਦੀ ਦੇ ਬਾਵਜੂਦ ਭਾਰਤ ਬੰਦ ਨਾ ਕੇਵਲ ਪੰਜਾਬ ਅੰਦਰ ਹੀ ਹਰ ਪੱਖ ਤੋਂ ਸਫਲ ਰਿਹਾ ਹੈ ਸਗੋਂ ਦੇਸ਼ ਭਰ ਵਿਚ ਇਸਦੀ ਸਫਲਤਾ ਦੀਆਂ ਧੁੰਮਾਂ ਪੈ ਗਈਆਂ ਹਨ। ਹਰ ਵਰਗ ਦੇ ਲੋਕਾਂ ਨੇ ਬੰਦ ਨੂੰ ਭਰਪੂਰ ਹੁੰਘਾਰਾ ਦਿਤਾ ਹੈ ਅਤੇ ਕਾਂਗਰਸ ਆਈ ਸਰਕਾਰਾਂ ਦੀਆਂ ਇਸ ਇਤਿਹਾਸਕ ਐਕਸ਼ਨ ਨੂੰ ਅਸਫਲ ਬਨਾਉਣ ਦੀਆਂ ਸੱਭੇ ਹੀ ਚਾਲਾਂ ਫੇਲ੍ਹ ਹੋ ਕੇ ਰਹਿ ਗਈਆਂ ਹਨ।

ਹਰ ਸ਼ਹਿਰ, ਹਰ ਕਸਬੇ, ਹਰ ਪਿੰਡ, ਹਰ ਗਲੀ ਅਤੇ ਹਰ ਮਹੱਲੇ ਹੀ ਭਾਰਤ ਬੰਦ ਦੀ ਸਫਲਤਾ ਦੀ ਚਰਚਾ ਨਹੀਂ ਹੋ ਰਹੀ ਸਗੋਂ ਹਰ ਸਨਅਤੀ ਕੇਂਦਰ, ਹਰ ਅਦਾਰੇ, ਹਰ ਦਫਤਰ ਅਤੇ ਹਰ ਇਕੱਠ ਵਿਚ ਭਾਰਤ ਬੰਦ ਦੀ ਸਫਲਤਾ ਦੀ ਚਰਚਾ ਹੋ ਰਹੀ ਹੈ।

ਭਾਰਤ ਬੰਦ ਦਾ ਸੱਦਾ ਦੇਣ ਵਾਲੇ, ਇਸ ਨੂੰ ਸਿਰ-ਤੋੜ ਯਤਨਾਂ ਰਾਹੀਂ ਸਫਲ ਬਨਾਉਣ ਲਈ ਹੰਭਲਾ ਮਾਰਨ ਵਾਲੇ ਹੀ ਫੁੱਲੇ ਨਹੀਂ ਸਮਾ ਰਹੇ ਸਗੋਂ ਭਾਰਤ ਬੰਦ ਦਾ ਹੁੰਘਾਰਾ ਭਰਨ ਵਾਲੇ ਵੀ ਇਸਦੀ ਸਫਲਤਾ ਉੱਤੇ ਖੁਸ਼ ਹਨ।

ਪੰਜਾਬ ਵਿਚ ਸਰਕਾਰ ਵਲੋਂ ਵਿਸ਼ੇਸ਼ ਤੌਰ ਉੱਤੇ ਭਾਰਤ ਬੰਦ ਵਿਰੁੱਧ ਪਰਚਾਰ ਮੁਹਿੰਮ ਚਲਾਈ ਗਈ ਅਤੇ ਹੜਤਾਲ ਵਿਰੋਧੀ ਇਕ ਇਸ਼ਤਿਹਾਰ ਵੀ ਸਾਰੇ ਅਖਬਾਰਾਂ ਵਿਚ ਛਪਵਾਇਆ ਗਿਆ। ਇਸ ਤੋਂ ਬਿਨਾਂ ਹੜਤਾਲ ਕਰਨ ਵਾਲੇ ਮੁਲਾਜ਼ਮਾਂ ਨੂੰ ਕਈ ਤਰਾਂ ਦੀਆਂ ਧਮਕੀਆਂ ਵੀ ਦਿਤੀਆਂ ਗਈਆਂ।

ਦੂਰਦਰਸ਼ਨ ਦਾ ਜਲੰਧਰ ਕੇਂਦਰ ਭਾਰਤ ਬੰਦ ਤੋਂ ਤਿੰਨ ਦਿਨ ਪਹਿਲਾਂ ਲਗਾਤਾਰ ਬੰਦ-ਵਿਰੋਧੀ ਪਰਚਾਰ ਕਰਦਾ ਰਿਹਾ ਸੀ। ਏਹੋ ਹਾਲ ਰੇਡੀਓ ਦਾ ਸੀ। ਪਰ ਇਹਨਾਂ ਸਭਨਾਂ ਹੀ ਬੰਦ ਵਿਰੋਧੀ ਕਾਰਵਾਈਆਂ ਦੇ ਬਾਵਜੂਦ ਪੰਜਾਬ ਦੇ ਸ਼ਹਿਰ ਅਤੇ ਕਸਬੇ ਬੁਰੀ ਤਰਾਂ ਠੱਪ ਹੋ ਕੇ ਰਹਿ ਗਏ। ਸਾਰੇ ਸਨਅੱਤੀ ਕੇਂਦਰਾਂ ਵਿਚ ਮੁਕੰਮਲ ਹੜਤਾਲ ਰਹੀ। ਸਰਕਾਰੀ ਅਤੇ ਗੈਰ-ਸਰਕਾਰੀ ਅਦਾਰੇ ਵੀ ਲਗਪਗ ਠੱਪ ਰਹੇ। ਬੈਂਕਾਂ ਅਤੇ ਬੀਮਾਂ ਦਫਤਰਾਂ ਵਿਚ ਕੋਈ ਵੀ ਕੰਮ ਨਾ ਹੋਇਆ। ਸਰਕਾਰੀ ਦਫਤਰਾਂ ਵਿਚ ਹਾਜ਼ਰੀ ਬਹੁਤ ਹੀ ਪਤਲੀ ਰਹੀ ਅਤੇ ਬਾਹਰ ਤੋਂ ਜਨਤਾ ਨਾ ਆਉਣ ਕਰਨ ਕੋਈ ਕੰਮ ਨਾ ਹੋਇਆ। ਸੜਕਾਂ ਉਤੇ ਆਵਾ-ਜਾਈ ਮੁਕੰਮਲ ਤੌਰ ਉਤੇ ਠੱਪ ਰਹੀ। ਪ੍ਰਾਈਵੇਟ ਟਰਾਂਸਪੋਰਟ ਤਾਂ ਰਾਜ ਦੀ ਕਿਸੇ ਵੀ ਸੜਕ ਉਤੇ ਨਾ ਚੱਲੀ। ਸਰਕਾਰ ਵਲੋਂ ਸਖਤ ਪਹਿਰੇ ਹੇਠ ਜੇ ਸਵੇਰ ਸਮੇਂ ਵੱਖ ਵੱਖ ਸ਼ਹਿਰਾਂ ਦੇ ਬੱਸ ਅੱਡਿਆਂ ਤੋਂ ਕੁਝ ਇਕ ਬੱਸਾਂ ਚਲਾਈਆਂ ਵੀ ਗਈਆਂ ਤਾਂ ਉਹਨਾਂ ਵਿਚ ਮੁਸਾਫਰਾਂ ਦੀ ਗਿਣਤੀ ਬਹੁਤ ਹੀ ਘੱਟ ਸੀ। ਇਹ ਸਿਲਸਲਾ ਵੀ ਕੇਵਲ ਬਾਰਾਂ ਵਜੇ ਤਕ ਜਾਰੀ ਰਿਹਾ। ਸਮੁਚੇ ਤੌਰ ਉੱਤੇ ਪੰਜਾਬ ਅੰਦਰ ਨਾ ਕੇਵਲ ਬੱਸ ਸੇਵਾ ਹੀ ਠੱਪ ਰਹੀ ਸਗੋਂ ਸੜਕਾਂ ਉੱਤੇ ਆਮ ਟ੍ਰੈਫਿਕ ਵੀ ਘੱਟ ਹੀ ਸੀ।

ਪੰਜਾਬ ਦੇ ਮੁਖੀ ਸ਼ਹਿਰਾਂ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਬਟਾਲਾ, ਹੁਸ਼ਿਆਰਪੁਰ, ਪਟਿਆਲਾ, ਫੀਰੋਜ਼ਪੁਰ, ਫਰੀਦਕੋਟ, ਬਠਿੰਡਾ, ਸੰਗਰੂਰ, ਕਪੂਰਥਲਾ, ਤਰਨਤਾਰਨ, ਰੋਪੜ ਆਦਿ ਮੁਕੰਮਲ ਤੌਰ ਉੱਤੇ ਠੱਪ ਰਹੇ।

ਪੰਜਾਬ ਵਿਚ ਇਸ ਤਰਾਂ ਦਾ ਪੁਰਅਮਨ ਬੰਦ ਪਹਿਲਾਂ ਕਿਧਰੇ ਘੱਟ ਹੀ ਲੋਕਾਂ ਨੇ ਸੁਣਿਆ ਹੋਵੇਗਾ। ਬੰਦ ਦੌਰਾਨ ਕਿਸੇ ਵੀ ਸ਼ਹਿਰ ਵਿਚ ਖਿਚਾਅ ਨਹੀਂ ਸੀ ਸਗੋਂ ਬੰਦ ਵਿਚ ਸ਼ਾਮਲ ਹੋਣ ਵਾਲੇ ਸੱਭੇ ਹੀ ਲੋਕ ਚਾਈਂ ਚਾਈਂ ਇਸ ਐਕਸ਼ਨ ਵਿਚ ਸ਼ਾਮਲ ਹੋ ਰਹੇ ਸਨ।

ਜਿਸ ਕਿਸਮ ਦੀਆਂ ਰੀਪੋਰਟ ਪੰਜਾਬ ਬੰਦ ਦੇ ਸਬੰਧ ਵਿਚ ਵੱਖ ਵੱਖ ਸ਼ਹਿਰਾਂ ਅਤੇ ਕਸਬਿਆਂ ਤੋਂ ਪੁਜੀਆਂ ਹਨ ਉਹ ਇਹ ਦਰਸਾਉਂਦੀਆਂ ਹਨ ਕਿ ਬਾਜ਼ਾਰ ਸਾਰਾ ਹੀ ਦਿਨ ਬੰਦ ਰਹੇ। ਪਿਛਲੇ ਆਮ ਬੰਦਾਂ ਸਮੇਂ ਸਵੇਰ ਸਮੇਂ ਦੁਕਾਨਾਂ ਬੰਦ ਹੋ ਕੇ ਦੁਪਹਿਰ ਨੂੰ ਖੁਲ੍ਹ ਜਾਂਦੀਆਂ ਹੁੰਦੀਆਂ ਸਨ ਪਰ ਇਸ ਬੰਦ ਸਮੇਂ


## ਹੁਣ ਤੁਸੀਂ ਵੈਨਕੂਵਰ-ਹਾਂਗਕਾਂਗ ਨਾਨ - ਸਟਾਪ ਜਾ ਸਕਦੇ ਹੋ

ਭਾਰਤ, ਪਾਕਿਸਤਾਨ, ਫੀਜੀ ਲੰਡਨ, ਸ਼੍ਰੀ ਲੰਕਾ, ਡਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

**ਘੱਟ ਤੋਂ ਘੱਟ ਕਿਰਾਏ**

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ। ਜੇਕਰ ਤੁਸੀਂ ਲੰਡਨ ਠਹਿਰ ਕੇ ਵੀ ਜਾਣਾ ਹੈ ਤਾਂ ਵੀ ਭਾਰ ਪੂਰਾ ਲਿਜਾ ਸਕਦੇ ਹੋ।



AUTHORIZED AGENTS FOR: • AIR CANADA • BRITISH AIRWAYS • CANADIAN PACIFIC AIRLINES • CATHAY PACIFIC AIRWAYS • THAI INTERNATIONAL AIRWAYS & OTHER MAJOR AIRLINES.

**BAINS TRAVEL SERVICE**

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

ਵਾਲੀਆਂ ਪਾਰਟੀਆਂ ਦੇ ਸੱਦੇ ਦਾ ਭਰਪੂਰ ਹੁੰਘਾਰਾ ਭਰਿਆ ਹੈ ਅਤੇ ਲੋਕ ਉਹਨਾਂ ਮੰਗਾਂ ਨੂੰ ਆਪਣੀਆਂ ਹੱਕੀ ਮੰਗਾਂ ਸਮਝ ਰਹੇ ਹਨ ਜਿਨਾਂ ਨੂੰ ਲੈ ਕੇ ਭਾਰਤ ਬੰਦ ਹੋਇਆ ।

ਭਾਰਤ ਬੰਦ ਦੀ ਹਰ ਪੱਖ ਤੋਂ ਹੀ ਸਫਲਤਾ ਨੇ ਇਹ ਗਲ ਦਰਸਾਈ ਹੈ ਕਿ ਰਾਜੀਵ ਗਾਂਧੀ ਦੀ ਸਰਕਾਰ ਵਿਰੁਧ ਲੋਕਾਂ ਵਿਚ ਭਾਰੀ ਬੇ-ਚੈਨੀ ਪਾਈ ਜਾ ਰਹੀ ਹੈ ਅਤੇ ਲੋਕ ਇਸ ਸਰਕਾਰ ਨੂੰ ਕਿਸੇ ਵੀ ਤਰਾਂ ਹੋਰ ਸਮਾਂ ਗੱਦੀ ਤੇ ਨਹੀਂ ਵੇਖਣਾ ਚਾਹੁੰਦੇ । ਇਸ ਤੋਂ ਬਿਨਾਂ ਲੋਕਾਂ ਨੂੰ ਇਹ ਆਸ ਬੱਝੀ ਹੈ ਕਿ ਦੇਸ਼ ਦੀਆਂ ਜਿਨਾਂ ਨੇ ਖੱਬੀਆਂ, ਜਮਹੂਰੀ ਅਤੇ ਸੈਕੂਲਰ ਪਾਰਟੀਆਂ ਨੇ ਭਾਰਤ ਬੰਦ ਦਾ ਸੱਦਾ ਦਿਤਾ ਜਾਂ ਭਾਰਤ ਬੰਦ ਨੂੰ ਸਫਲ ਬਨਾਉਣ ਲਈ ਜੁਟੀਆਂ ਉਹ ਲੋਕਾਂ ਦੇ ਦੁੱਖਾਂ ਅਤੇ ਮੁਸ਼ਕਲਾਂ ਨੂੰ ਦੂਰ ਕਰਨ ਲਈ ਕੋਈ ਚੰਗਾ ਰਾਹ ਪੇਸ਼ ਕਰ ਸਕਦੀਆਂ ਹਨ ।

● ਭਾਰਤ ਬੰਦ ਦੀ ਪੰਜਾਬ ਵਿਚ ਹਰ ਪੱਖ ਤੋਂ ਹੀ ਭਰਪੂਰ ਸਫਲਤਾ ਦਾ ਵਿਸ਼ਲੇਸ਼ਨ ਕਰਦਿਆਂ ਹੋਇਆਂ ਅਸੀਂ ਹੇਠ ਲਿਖੇ ਸਿਟੇ ਕਢੇ ਬਿਨਾਂ ਨਹੀਂ ਰਹਿ ਸਕਦੇ ।

ਪਹਿਲੀ ਗਲ ਇਹ ਹੈ ਕਿ ਪੰਜਾਬ ਵਿਚ ਮੁਕੰਮਲ ਬੰਦ ਨੇ ਇਹ ਗੱਲ ਸਿੱਧ ਕੀਤੀ ਹੈ ਕਿ ਕੇਂਦਰੀ ਸਰਕਾਰ ਦੀਆਂ ਨੀਤੀਆਂ ਵਿਰੁਧ ਲੋਕਾਂ ਵਿਚ ਭਾਰੀ ਗੁੱਸਾ ਹੈ, ਭਾਰੀ ਬੇਚੈਨੀ ਹੈ ।

ਦੂਜੀ ਗਲ ਇਹ ਹੈ ਕਿ ਕੇਂਦਰੀ ਸਰਕਾਰ ਨੇ ਪੰਜਾਬ ਮਸਲੇ ਦੇ ਸਬੰਧ ਵਿਚ ਜਿਹੜੀ ਪਾਲਸੀ ਧਾਰਨ ਕੀਤੀ ਹੋਈ ਹੈ ਉਸ ਵਿਰੁਧ ਵੀ ਪੰਜਾਬੀ ਲੋਕਾਂ ਵਿਚ ਭਾਰੀ ਗੁੱਸਾ ਹੈ ਅਤੇ ਇਸ ਗੁਸੇ ਦਾ ਜਿਵੇਂ ਉਹਨਾਂ ਨੇ ਇਕ-ਮੁੱਠ ਹੋ ਕੇ ਪ੍ਰਗਟਾਵਾ ਕੀਤਾ ਹੈ ਉਸ ਨਾਲ ਇਸ ਗਲ ਦੀ ਪੁਸ਼ਟੀ ਵੀ ਹੋਈ ਹੈ ਕਿ ਪੰਜਾਬੀ ਲੋਕ ਉਹਨਾਂ ਸ਼ਕਤੀਆਂ ਦੇ ਵਿਰੁਧ ਹਨ ਜਿਹੜੀਆਂ ਕਿ ਪਾੜਾ ਪਾਉਣਾ ਚਾਹੁੰਦੀਆਂ ਹਨ ।

ਭਾਰਤ ਬੰਦ ਦੀਆਂ ਮੰਗਾਂ ਵਿਚ ਜਿਥੇ ਰਾਜੀਵ ਗਾਂਧੀ ਸਰਕਾਰ ਦੇ ਅਸਤੀਫੇ ਅਤੇ ਦੇਸ ਅੰਦਰ ਨਵੀਆਂ ਚੋਣਾਂ ਦੀ ਮੰਗ ਸ਼ਾਮਲ ਸੀ ਓਥੇ ਲੋਕਾਂ ਦੇ ਵੱਖ ਵੱਖ ਵਰਗਾਂ ਦੀਆਂ ਬੜੀਆਂ ਹੀ ਭਖਦੀਆਂ ਮੰਗਾਂ ਵੀ ਸ਼ਾਮਲ ਸਨ । ਬੰਦ ਨੂੰ ਭਰਵੇਂ ਹੁੰਘਾਰੇ ਨੇ ਇਹ ਗੱਲ ਸਿੱਧ ਕੀਤੀ ਹੈ ਕਿ ਲੋਕ ਉਹਨਾਂ ਮੰਗਾਂ ਨੂੰ ਮਨਾਉਣ ਲਈ ਹਰ ਤਰਾਂ ਦੇ ਸੰਘਰਸ਼ ਵਿਚ ਕੁਦਣ ਲਈ ਤਿਆਰ ਹਨ ।

★ ਦੇਸ ਦੀ ਪੱਧਰ ਉੱਤੇ ਭਾਵੇਂ ਅੱਠ ਖੱਬੀਆਂ, ਜਮਹੂਰੀ ਅਤੇ ਸੈਕੂਲਰ ਪਾਰਟੀਆਂ ਵਲੋਂ ਭਾਰਤ ਬੰਦ ਦਾ ਸੱਦਾ ਦਿੱਤਾ ਗਿਆ ਸੀ ਪਰ ਪੰਜਾਬ ਵਿਚ ਭਾਰਤ ਬੰਦ ਨੂੰ ਜਥੇਬੰਦ ਕਰਨ ਵਾਲੀਆਂ ਮੁਖ ਰੂਪ ਵਿਚ ਖੱਬੀਆਂ ਪਾਰਟੀਆਂ ਅਤੇ ਉਨ੍ਹਾਂ ਦੀ ਅਗਵਾਈ ਵਿਚਲੀਆਂ ਹੋਰ ਜਨਤਕ ਜਥੇਬੰਦੀਆਂ ਹੀ ਸਨ ਭਾਵੇਂ ਕਿ ਪੰਜਾਬ ਜਨਤਾ ਪਾਰਟੀ ਅਤੇ ਪੰਜਾਬ ਰੀਪਬਲਿਕਨ ਪਾਰਟੀ ਦੇ ਆਗੂ ਅਤੇ ਵਰਕਰ ਵੀ ਪੰਜਾਬ ਅੰਦਰ ਬੰਦ ਜਥੇਬੰਦ ਕਰਨ ਵਿਚ ਖੱਬੀਆਂ ਪਾਰਟੀਆਂ ਦੇ ਨਾਲ ਸਨ ।

★ ਪੰਜਾਬ ਅੰਦਰ ਹਰ ਤਬਕੇ ਵਲੋਂ ਅਤੇ ਹਰ ਵਿਚਾਰ ਦੇ ਲੋਕਾਂ ਵਲੋਂ ਭਾਰਤ ਬੰਦ ਨੂੰ ਇਸ ਕਰਕੇ ਵੀ ਵਿਸ਼ਾਲ ਹੁੰਘਾਰਾ ਮਿਲਿਆ ਕਿਉਂ ਜੁ ਪੰਜਾਬ ਦੇ ਲੋਕ ਖੱਬੀਆਂ ਪਾਰਟੀਆਂ ਵਲੋਂ ਪਿਛਲੇ ਕੁਝ ਸਾਲਾਂ ਤੋਂ ਫਿਰਕੂ ਏਕਤਾ, ਪੰਜਾਬੀ ਏਕਤਾ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਚੰਗੇ ਕਦਮ ਵਜੋਂ ਨੋਟ ਕਰਦੇ ਆ ਰਹੇ ਹਨ ਅਤੇ ਪੰਜਾਬ ਅੰਦਰ ਕਮਿਊਨਿਸਟਾਂ ਦੇ ਰੋਲ ਦੀ ਲੋਕਾਂ ਦੇ ਵਿਸ਼ਾਲ ਭਾਗਾਂ ਵਲੋਂ ਸ਼ਲਾਘਾ ਕੀਤੀ ਜਾ ਰਹੀ ਹੈ ।

★ ਪੰਜਾਬ ਵਿਚ ਮੁਕੰਮਲ ਬੰਦ ਦੀ ਸਫਲਤਾ ਦਾ ਇਕ ਹੋਰ ਪਹਿਲੂ ਇਹ ਵੀ ਹੈ ਕਿ ਬੰਦ ਨੂੰ ਜਥੇਬੰਦ ਕਰਨ ਵਾਲੀਆਂ ਪਾਰਟੀਆਂ ਅਤੇ ਉਹਨਾਂ ਦੀ ਅਗਵਾਈ ਵਿਚਲੀਆਂ ਜਥੇਬੰਦੀਆਂ ਆਪਣੇ ਪਰਚਾਰ ਸਾਧਨਾ ਅਤੇ ਮੁਹਿੰਮਾਂ ਰਾਹੀਂ ਭਾਰਤ ਬੰਦ ਦੇ ਨਾਹਰਿਆਂ ਨੂੰ ਹਰ ਸ਼ਹਿਰ, ਹਰ ਕਸਬੇ, ਹਰ ਪਿੰਡ ਅਤੇ ਹਰ ਸਨਅੱਤੀ ਕੇਂਦਰ ਵਿਚ ਲੈਕੇ ਗਈਆਂ ਅਤੇ ਬੰਦ ਦੀਆਂ ਮੰਗਾਂ ਨੂੰ ਪਿਛਲੇ ਤਿੰਨ ਹਫਤੇ ਪੰਜਾਬੀ ਲੋਕਾਂ ਵਿਚ ਖੂਬ ਪਰਚਾਰਿਆ ਗਿਆ ।

ਇਹਨਾਂ ਸਾਰੇ ਪਹਿਲੂਆਂ ਦੇ ਹੁੰਦਿਆਂ ਹੋਇਆਂ ਭਾਰਤ ਬੰਦ ਦੀ ਜਿੱਥੇ ਕੌਮੀ ਪੱਧਰ ਉੱਤੇ ਹਰ ਪਖ ਤੋਂ ਸਫਲਤਾ ਹੋਈ ਹੈ ਓਥੇ ਪੰਜਾਬ ਅੰਦਰ ਇਸ ਦੀ ਭਰਪੂਰ ਸਫਲਤਾ ਲਈ ਉਹ ਸਾਰੇ ਹੀ ਵਧਾਈ ਦੇ ਹੱਕਦਾਰ ਹਨ ਜਿੰਨਾਂ ਨੇ ਕਿ ਸੂਬੇ ਅੰਦਰ ਬੰਦ ਨੂੰ ਜਥੇਬੰਦ ਕਰਨ ਲਈ ਰਾਤ ਦਿਨ ਇਕ ਕਰਕੇ ਕੰਮ ਕੀਤਾ ।

ਭਾਰਤ ਬੰਦ ਦੇ ਸੱਦੇ ਉਤੇ ਪੰਜਾਬ ਅੰਦਰ 15 ਮਾਰਚ ਨੂੰ ਮੁਕੰਮਲ ਬੰਦ ਕਰਨ ਲਈ ਜੁਟਣ ਵਾਲਿਆਂ ਨੇ ਆਪਣੇ ਸੱਭੇ ਹੀ ਮਿਥੇ ਨਿਸ਼ਾਨੇ ਪੂਰੇ ਕੀਤੇ ਹਨ ਅਤੇ ਪੰਜਾਬ ਅੰਦਰ ਬੰਦ ਹਰ ਪੱਖ ਤੋਂ ਹੀ ਸਫਲ ਰਿਹਾ ਹੈ ।

ਪੰਜਾਬ ਅੰਦਰ ਭਾਰਤ ਬੰਦ ਦੇ ਵਿਰੋਧੀਆਂ ਨੂੰ ਕਿਸੇ ਨੇ ਵੀ ਗੌਲਿਆ ਨਹੀਂ ਅਤੇ ਏਹੋ ਕਾਰਨ ਹੈ ਕਿ ਅੱਜ ਜਿਥੇ ਬੰਦ ਸਮਰਥਕ ਹਰ ਥਾਂ ਥੁੱਕ ਰਹੇ ਹਨ ਅਤੇ ਬੰਦ-ਵਿਰੋਧੀਆਂ ਦੇ ਚਿਹਰੇ ਪੀਲੇ ਭੂਕ ਹੋਏ ਵਖਾਈ ਦੇ ਰਹੇ ਹਨ ।




15 ਮਾਰਚ ਦੇ ਭਾਰਤ ਬੰਦ ਸਮੇਂ ਸੂਬੇ ਦੇ ਹੋਰ ਸ਼ਹਿਰਾਂ ਤੇ ਕਸਬਿਆਂ ਵਾਂਗ ਜਲੰਧਰ ਸ਼ਹਿਰ ਵੀ ਮੁਕੰਮਲ ਤੌਰ 'ਤੇ ਬੰਦ ਰਿਹਾ


# VICKY CONSTRUCTION CO.

- Vinyl Siding
- Soffits and all Finishing Jobs
- Free Estimate

**Ph. (604) 581-6506** (after 8 p.m.)

# Star Drywall Construction Co. Ltd.

- Complete Drywall Service
- Guaranteed Work
- Free Estimates

**Sahib or Nake**

**Ph. (604) 589-4830**

P.O.BOX 639
SURREY, B.C. V3T 5L9

# ਅਤਿਵਾਦੀਆਂ ਨਾਲ ਸੌਦੇਬਾਜ਼ੀ ਅਤਿ ਘਾਤਕ ਸਿਧ ਹੋਵੇਗੀ

*ਹਰਕਿਸ਼ਨ ਸਿੰਘ ਸੁਰਜੀਤ*

ਪੰਜਾਬ ਦੀ ਸਥਿਤੀ ਜਾਪਦਾ ਹੈ ਬਦਤਰ ਹੋਣ ਵੱਲ ਮੁੜ ਗਈ ਹੈ । ਪੰਜ ਮੁਖ ਗਰੰਥੀਆਂ ਦੀ ਰਿਹਾਈ ਬਾਰੇ ਪਿਛੇ ਜਿਹੇ ਕੇਂਦਰ ਸਰਕਾਰ ਦੇ ਅਚਾਨਕ ਐਲਾਨ ਨੇ ਸੁਭਾਵਕ ਤੌਰ ਤੇ ਜਮਹੂਰੀਅਤ ਪਸੰਦ ਲੋਕਾਂ ਦੇ ਮਨਾਂ ਵਿਚ ਸ਼ੰਕੇ ਪੈਦਾ ਕਰ ਦਿਤੇ ਹਨ ਕਿ ਪੰਜਾਬ ਸਮਸਿਆ ਦੇ ਹੱਲ ਬਾਰੇ ਸਰਕਾਰ ਦੇ ਇਰਾਦੇ ਕੀ ਹਨ । ਫੈਸਲੇ ਪਿਛੋਂ ਅੱਤਵਾਦੀਆਂ ਤੇ ਉਨਾਂ ਦੇ ਸਮਰਥਕਾਂ ਦੇ ਮਨਾਂ ਵਿਚ ਖੁ ੀਆਂ ਵੇਖੀਆਂ ਜਾ ਸਕਦੀਆਂ ਹਨ ।

ਜਿਥੋਂ ਤਕ ਜੋਧਪੁਰ ਜੇਲ੍ਹ ਦੇ 40 ਨਜ਼ਰਬੰਦਾਂ ਦੀ ਰਿਹਾਈ ਦਾ ਮਾਮਲਾ ਹੈ, ਇਸ ਵਿਚ ਪਹਿਲਾਂ ਹੀ ਬਹੁਤ ਦੇਰੀ ਕੀਤੀ ਗਈ ਸੀ ਤੇ ਰਿਹਾਈ ਦੀ ਮੰਗ ਦੇਸ਼ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਵਲੋਂ ਕੀਤੀ ਗਈ ਸੀ । ਸਾਨੂੰ ਇਹ ਗਲ ਸਮਝ ਨਹੀਂ ਆਉਂਦੀ ਕਿ ਬਾਕੀ ਦੇ 300 ਨਜ਼ਰਬੰਦਾਂ ਨੂੰ ਵੀ ਅਜੇ ਜੇਲ੍ਹ ਵਿਚ ਹੀ ਕਿਉਂ ਰਖਿਆ ਜਾ ਰਿਹਾ ਹੈ । ਲੋਕ ਇਸ ਗਲ ਦੀ ਆਸ ਵੀ ਕਰ ਸਨ ਕਿ ਜਿਨਾਂ ਵਿਅਕਤੀਆਂ ਦਾ ਨਾਂ ਦਿੱਲੀ ਫਸਾਦਾਂ ਲਈ ਜ਼ੁੰਮੇਵਾਰ ਹੋਣ ਵਾਸਤੇ ਮਿਸ਼ਰਾ ਕਮਿਸ਼ਨ ਰਿਪੋਰਟ ਨੇ ਲਿਆ ਸੀ ਉਨਾਂ ਤੇ ਅਜੇ ਤਕ ਮੁਕਦਮੇ ਚਲਾ ਦਿਤੇ ਗਏ ਹੁੰਦੇ । ਪਰ ਸਰਕਾਰ ਨੇ ਇਸ ਵਲ ਕੋਈ ਧਿਆਨ ਨਹੀਂ ਦਿਤਾ ਹੈ ।

ਪੰਜ ਸਿੰਘ ਸਾਹਿਬਾਨ ਦੀ ਰਿਹਾਈ ਤੋਂ ਇਹ ਜਾਪਦਾ ਹੈ ਕਿ ਸਰਕਾਰ ਨੇ ਦੋਵਾਂ ਅਕਾਲੀ ਧੜਿਆਂ ਨੂੰ ਦੁਤਕਾਰ ਦਿਤਾ ਹੈ, ਵਿਸ਼ੇਸ਼ ਕਰਕੇ ਲੌਂਗੋਵਾਲ ਅਕਾਲੀ ਦਲ ਨੂੰ ਜਿਸ ਨੇ 'ਖਾਲਿਸਤਾਨ' ਦੀ ਮੰਗ ਦੀ ਨਿਖੇਧੀ ਕੀਤੀ ਸੀ ਅਤੇ ਅੱਤਵਾਦੀਆਂ ਵਿਰੁਧ ਦੇਸ਼ ਦੀ ਏਕਤਾ ਲਈ ਸੰਘਰਸ਼ ਕਰ ਰਿਹਾ ਸੀ । ਕੇਂਦਰ ਨੇ ਖੁਦ ਅੱਤਵਾਦੀਆਂ ਨਾਲ ਸੌਦਾ ਕਰਨ ਦਾ ਫੈਸਲਾ ਕੀਤਾ ਹੈ ।

ਜਸਬੀਰ ਸਿੰਘ, ਜਿਸ ਨੂੰ ਅਪ੍ਰੈਲ 1986 ਵਿਚ ਅਕਾਲ ਤਖਤ ਦਾ 'ਮੁਖ ਗਰੰਥੀ' ਸਰਬੱਤ ਖਾਲਸਾ ਵਲੋਂ ਥਾਪਿਆ ਗਿਆ ਸੀ, ਮਰਹੂਮ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਭਤੀਜਾ ਹੈ, ਜਿਸ ਦਾ ਫਲਸਫਾ ਸਿਰਫ ਪੰਜਾਬ ਵਿਚ ਘਟ-ਗਿਣਤੀਆਂ ਵਿਰੁਧ ਨਫਰਤ ਫੈਲਾਉਣਾ ਸੀ ਤੇ ਜਿਸ ਦੀਆਂ ਟੋਪਾਂ ਨੇ ਰਾਜ ਦੇ ਮਾਹੌਲ ਨੂੰ ਜ਼ਹਿਰੀਲਾ ਬਣਾ ਦਿਤਾ । 'ਨੀਲਾ ਤਾਰਾ' ਕਾਰਵਾਈ ਦੌਰਾਨ ਜਸਬੀਰ ਸਿੰਘ ਡੁਬਈ ਵਿਚ ਵਪਾਰ ਕਰਦਾ ਸੀ ਅਤੇ ਮਰਹੂਮ ਭਿੰਡਰਾਂਵਾਲੇ ਦਾ ਨਾਂ ਵਰਤਕੇ ਉਸਨੇ ਵੱਖ ਵੱਖ ਦੇਸ਼ਾਂ ਦਾ ਦੌਰਾ ਕਰਨਾ ਅਰੰਭ ਕਰ ਦਿਤਾ ਅਤੇ ਭਿੰਡਰਾਂਵਾਲੇ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ ਅਤੇ ਵੱਖਵਾਦ ਦੀ ਵਕਾਲਤ ਕਰਨ ਲਈ ਉਸਨੇ ਕੌਮਾਂਤਰੀ ਸਿੱਖ ਨੌਜਵਾਨ ਫੈਡਰੇਸ਼ਨ ਕਾਇਮ ਕੀਤੀ ਸੀ ।

ਤਿੰਨ ਦੂਜੇ ਗਰੰਥੀ ਉਹ ਹਨ ਜਿਨਾਂ ਨੇ ਦਰਬਾਰ ਸਾਹਿਬ ਅੰਦਰੋਂ 'ਖਾਲਿਸਤਾਨ' ਅਤੇ ਖਾਲਿਸਤਾਨ ਕੌਂਸਲ ਦੀ ਸਥਾਪਣਾ ਦਾ ਐਲਾਨ ਕੀਤਾ ਸੀ । ਉਨਾਂ ਨੇ ਉਨਾਂ ਕਾਤਲਾਂ ਦੀ ਸ਼ਲਾਘਾ ਕੀਤੀ ਸੀ ਜਿਨਾਂ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ, ਜਿਨਾਂ ਨੇ ਰਾਜੀਵ ਨਾਲ ਸਮਝੌਤੇ ਤੇ ਦਸਖਤ ਕਰਨ ਤੋਂ ਬਾਅਦ ਦੋ ਮੁਖ ਫਿਰਕਿਆਂ ਵਿਚਕਾਰ ਏਕਤਾ ਮੁੜ ਕਾਇਮ ਕਰਨ ਦਾ ਕਾਰਜ ਅਰੰਭਿਆ ਸੀ, ਦਾ ਕਤਲ ਕੀਤਾ ਸੀ । ਅੱਤਵਾਦੀਆਂ ਨੇ ਉਨਾਂ ਨੂੰ ਸ਼ਹੀਦ ਸਿਰਫ ਇਸ ਲਈ ਕੀਤਾ ਕਿਉਂਕਿ ਉਹ ਅੱਤਵਾਦ ਵਿਰੁਧ ਸਨ ਤੇ ਕੌਮੀ ਏਕਤਾ ਅਤੇ ਫਿਰਕੂ ਅਮਨ ਦੇ ਸਮਰਥਕ ਸਨ । ਪੰਜਵਾਂ ਗਰੰਥੀ, ਭਾਵ ਗੁਰਦੇਵ ਸਿੰਘ ਦਮਦਮੀ ਟਕਸਾਲ ਦਾ ਤਰਜਮਾਨ ਹੈ ਜਿਸਨੂੰ ਸਰਬਤ ਖਾਲਸਾ ਵਲੋਂ ਅਕਾਲ ਤਖਤ ਦੇ ਕਾਇਮ ਮੁਕਾਮ ਮੁਖੀ ਵਜੋਂ ਨਾਮਜ਼ਦ ਕੀਤਾ ਗਿਆ ਸੀ ।

ਪੰਜੇ ਮੁਖ ਗਰੰਥੀ ਸਰਬਤ ਖਾਲਸਾ ਤੇ ਇਹਦੇ ਫੈਸਲਿਆਂ ਦੇ ਅੰਤਮ ਹੋਣ ਪ੍ਰਤੀ ਵਚਨਬੱਧ ਹਨ ।

ਇਸ ਗਲ ਨੂੰ ਚੇਤੇ ਰਖਿਆ ਜਾਣਾ ਚਾਹੀਦਾ ਹੈ ਕਿ ਅੱਤਵਾਦੀਆਂ ਵਲੋਂ ਆਯੋਜਤ ਸਰਬੱਤ ਖਾਲਸਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.), ਜਿਹੜੀ ਕਿ ਸਿੱਖਾਂ ਦੀ ਚੁਣੀ ਹੋਈ ਸੰਸਥਾ, ਨੂੰ ਭੰਗ ਕਰ ਦਿਤਾ ਗਿਆ ਅਤੇ ਯੋਗ ਢੰਗ ਨਾਲ ਨਿਯੁਕਤ ਸਿੰਘ ਸਾਹਿਬਾਨ ਨੂੰ ਆਪਹੁਦਰਾ ਢੰਗ ਨਾਲ ਬਰਤਰਫ ਕਰ ਦਿਤਾ ਗਿਆ । ਉਥੇ ਹੀ ਖਾਲਿਸਤਾਨ ਦੇ ਨਿਸ਼ਾਨੇ ਦਾ ਐਲਾਨ ਕੀਤਾ ਗਿਆ ਅਤੇ ਪੰਜ ਵਿਅਕਤੀਆਂ ਤੇ ਅਧਾਰਤ ਪੰਥਕ ਕਮੇਟੀ ਕਾਇਮ ਕੀਤੀ ਗਈ ਜਿਨਾਂ ਨੂੰ ਸਭਨਾਂ ਪੱਖਾਂ ਤੋਂ ਰਾਜਸੀ ਆਰਥਕ, ਸਮਾਜਕ ਤੇ ਧਾਰਮਕ ਸਿੱਖ ਬਰਾਦਰੀ ਦੇ ਮਾਮਲਿਆਂ ਦੀ ਅਗਵਾਈ ਕਰਨ ਦਾ ਪੂਰਨ ਅਧਿਕਾਰ ਸੀ । ਸਰਕਾਰ ਨੂੰ ਇਸ ਗੱਲ ਦੀ ਵੀ ਜਾਣਕਾਰੀ ਹੋਵੇਗੀ ਕਿ ਇਸ ਪੰਥਕ ਕਮੇਟੀ ਦਾ ਸਦਰ ਮੁਕਾਮ ਪਾਕਿਸਤਾਨ ਵਿਚ ਹੈ ਅਤੇ ਰਾਸ਼ਟਰ ਵਿਰੋਧੀ ਕਾਰਵਾਈਆਂ ਲਈ ਅਤੇ ਵੱਖ-ਵਾਦ ਦੀ ਮੁਹਿੰਮ ਚਲਾਉਣ ਲਈ ਜਿਸ ਦਾ ਨਿਸ਼ਾਨਾ ਖਾਲਿਸਤਾਨ ਹੈ ਅੱਤਵਾਦੀ ਗਰੁੱਪਾਂ ਪਿਛੇ ਮੁਖ ਅਦਾਰਾ ਹੈ ।

ਸਵਾਲ ਇਹ ਉਠਦਾ ਹੈ ਕਿ ਸਰਕਾਰ ਇਸ ਸਿਟੇ ਤੇ ਕਿਵੇਂ ਪੁਜੀ ਕਿ ਪੰਜਾਬ ਸਮਸਿਆ ਦੇ 'ਹੱਲ' ਲਈ ਵਿਰੋਧੀ ਰਾਜਸੀ ਪਾਰਟੀਆਂ ਅਤੇ ਅਕਾਲੀਆਂ ਦੀ ਸਥਾਪਤ ਲੀਡਰਸ਼ਿਪ ਨੂੰ ਭਰੋਸੇ ਵਿਚ ਲੈਣ ਦੀ ਥਾਂ ਇਨਾਂ ਮੁਖ ਗਰੰਥੀਆਂ ਤੇ ਟੇਕ ਰਖੀ ਜਾਵੇ । ਜਦੋਂ ਇਹ ਫੈਸਲਾ ਲਿਆ ਗਿਆ ਤਾਂ ਕੀ ਸਰਕਾਰ ਨੇ ਇਸ ਤੋਂ ਨਿਕਲਣ ਵਾਲੇ ਸਾਰੇ ਸਿਟਿਆਂ ਬਾਰੇ ਸੋਚ ਲਿਆ ਸੀ ?


## ਧੰਨੂ ਪ੍ਰਿੰਟਿਗ ਕੰਪਨੀ ਲਿਮਿ:

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿੰਗ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ

ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ

ਵਾਜਬ ਕੀਮਤਾਂ — ਵਧੀਆ ਕੁਆਲਿਟੀ

**Ph. Bus. 585-2004** **Res. 585-7916**

**10281 - 133A St., SURREY, B.C. V3T 4A1**

ਸੁਸ਼ੀਲ ਮੁਨੀ, ਜਿਹੜਾ ਇਨਾਂ ਮੁਖ ਗਰੰਥੀਆਂ ਨੂੰ ਰਿਹਾਅ ਕਰਾਉਣ ਵਿਚ ਮੁਖ ਕਰਤਾ-ਧਰਤਾ ਸੀ, ਨੇ ਇਕ ਹਫਤਾ-ਵਾਰੀ ਨਾਲ ਵਿਸ਼ੇਸ਼ ਭੇਂਟ ਵਾਰਤਾ ਵਿਚ ਕੁਝ ਰੌਸ਼ਨੀ ਸੁਟੀ ਸੀ। ਇਕ ਸਵਾਲ ਦੇ ਜਵਾਬ ਵਿਚ ਕਿ ਉਨਾਂ ਨੇ ਮੁਖ ਗਰੰਥੀਆਂ ਦੀ ਰਿਹਾਈ ਦਾ ਸਵਾਗਤ ਕਿਉਂ ਕੀਤਾ ਸੀ, ਸੁਸ਼ੀਲ ਮੁਨੀ ਨੇ ਜਵਾਬ ਦਿਤਾ 'ਸਭ ਤੋਂ ਪਹਿਲਾਂ ਜਿਨਾਂ ਨੂੰ ਖਾੜਕੂ ਕਿਹਾ ਜਾਂਦਾ ਹੈ ਅਜਿਹੇ ਨਹੀਂ ਹਨ ਕਿਉਂਕਿ ਇਹ ਸਪਸ਼ਟ ਕਰਨਾ ਬੜਾ ਮੁਸ਼ਕਲ ਹੈ ਕਿ ਖਾੜਕੂ ਕੌਣ ਹੈ।'

ਮੁਖ ਗਰੰਥੀਆਂ ਦੇ ਸੋਹਲੇ ਗਾਉਂਦੇ ਹੋਏ, ਸੁਸ਼ੀਲ ਮੁਨੀ ਨੇ ਕਿਹਾ ਕਿ 'ਮੁਖ ਗਰੰਥੀਆਂ ਨੂੰ ਅਜ਼ਾਦ ਕਿਉਂ ਨਾ ਕੀਤਾ ਜਾਵੇ ਜਦੋਂ ਕਿ ਉਹ ਬਿਲਕੁਲ ਖਾੜਕੂ ਨਹੀਂ ਹਨ?' ਉਨਾਂ ਨੇ ਭੇਂਟ ਵਾਰਤਾ ਵਿਚ ਭਿੰਡਰਾਂਵਾਲੇ ਦੀ ਤਾਰੀਫ ਵੀ ਕੀਤੀ। ਇਸ ਲਈ ਇਹ ਗਲ ਬਿਲਕੁਲ ਸਪਸ਼ਟ ਹੈ ਕਿ ਉਹ ਵਿਅਕਤੀ ਜਿਸ ਨੇ ਸੌਦੇਬਾਜ਼ੀ ਕਰਕੇ ਇਨਾਂ ਵਿਅਕਤੀਆਂ ਨੂੰ ਰਿਹਾਅ ਕਰਵਾਇਆ, ਭਾਵੇਂ ਉਹਦੀਆਂ ਜੋ ਵੀ ਪਵਿਤਰ ਇਛਾਵਾਂ ਹੋਣ,! ਅੱਤਵਾਦੀਆਂ ਤੇ ਹੋਰਨਾਂ ਵਿਚਕਾਰ ਕੋਈ ਅੰਤਰ ਨਹੀਂ ਕਰਦਾ ਸੀ।

ਅਸੀਂ ਇਸ ਗਲ ਨੂੰ ਸਮਝਣ ਤੋਂ ਅਸਫਲ ਹਾਂ ਕਿ ਦੇਸ਼ ਅਜਿਹੇ ਪੜਾਅ ਤੇ ਕਿਵੇਂ ਪੁਜ ਗਿਆ ਜਿਥੇ ਕੌਮੀ ਏਕਤਾ ਤੇ ਫਿਰਕੂ ਅਮਨ ਦੇ ਕਾਜ ਨੂੰ ਸਮਰਪਤ ਰਾਜਸੀ ਸ਼ਕਤੀਆਂ ਨਾਲ ਸਲਾਹ ਮਸ਼ਵਰਾ ਕਰਨ ਦੀ ਥਾਂ, ਪ੍ਰਧਾਨ ਮੰਤਰੀ ਅਜਿਹੇ ਸਾਧੂ ਦੀ ਰਾਏ ਤੇ ਟੇਕ ਰਖੇ ਜਿਹੜਾ ਆਪਣੇ ਆਪ ਨੂੰ ਗੈਰ ਰਾਜਸੀ ਆਖਦਾ ਹੈ? ਰਿਹਾਈ ਪ੍ਰਤੀ ਪ੍ਰਤੀਕਰਮ ਕੀ ਹੈ? ਕੈਦ ਤੋਂ ਬਾਹਰ ਆਉਣ ਤੋਂ ਬਾਅਦ ਮੁਖ ਗਰੰਥੀਆਂ ਨੇ ਜਿਹੜੇ ਬਿਆਨ ਦਿਤੇ ਹਨ ਉਹ ਇਸ ਗਲ ਪ੍ਰਤੀ ਕੋਈ ਸੰਦੇਹ ਨਹੀਂ ਰਹਿਣ ਦਿੰਦੇ ਕਿ ਉਨਾਂ ਵਿਚ ਸਿੱਖਾਂ ਦੇ ਐਸ.ਜੀ.ਪੀ.ਸੀ. ਵਰਗੇ ਸਥਾਪਤ ਅਦਾਰਿਆਂ ਪ੍ਰਤੀ ਕੋਈ ਸਤਿਕਾਰ ਨਹੀਂ ਹੈ।

10 ਮਾਰਚ ਨੂੰ ਅਕਾਲ ਤਖਤ ਦੇ ਮੁਖੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਆਪਣੀ ਪਰੈਸ ਕਾਨਫਰੰਸ ਵਿਚ ਜਸਬੀਰ ਸਿੰਘ ਨੇ ਬਿਨਾਂ ਕਿਸੇ ਲੁਕ ਲੁਕਾਅ ਦੇ, ਪੀ. ਟੀ. ਆਈ. ਅਨੁਸਾਰ, ਕਿਹਾ ਸੀ ਕਿ ਜੇ ਕੇਂਦਰ ਵਲੋਂ ਗਲਬਾਤ ਲਈ ਕੋਈ ਸੱਦਾ ਉਸ ਨੂੰ ਮਿਲਿਆ ਤਾਂ ਕੇਵਲ ਦਹਿ-ਸ਼ਤਗਰਦ ਹੀ ਕੇਂਦਰ ਨਾਲ ਗਲਬਾਤ ਕਰਨਗੇ।

ਇਹ ਪੁਛੇ ਜਾਣ ਤੇ ਕਿ ਕੀ ਗਲ-ਬਾਤ ਲਈ ਕੋਈ ਅਗਾਉਂ ਸ਼ਰਤਾਂ ਰਖੀਆਂ ਜਾਣਗੀਆਂ। ਸ੍ਰੀ ਰੋਡੇ ਨੇ ਜਵਾਬ ਦਿਤਾ ਕਿ ਇਹ ਫੈਸਲਾ ਕਰਨਾ ਦਹਿਸ਼ਤਗਰਦਾਂ ਦਾ ਕੰਮ ਹੈ। 'ਖਾਲਿਸਤਾਨ' ਬਾਰੇ ਸਟੈਂਡ ਜਿਸ ਨੂੰ 'ਸਰਬਤ ਖਾਲਸਾ' ਇਕਠ ਨੇ ਸਿਖਾਂ ਦਾ ਨਿਸ਼ਾਨਾ ਦਸਿਆ ਸੀ, ਪੁਛੇ ਜਾਣ ਤੇ ਕੋਈ ਸਪਸ਼ਟ ਜਵਾਬ ਉਸਨੇ ਨਹੀਂ ਦਿਤਾ। ਉਹ ਆਪਣੇ ਇਸ ਸਟੈਂਡ ਤੇ ਕਾਇਮ ਰਿਹਾ ਕਿ ਸਰਬਤ ਖਾਲਸਾ ਵਿਚ ਲਏ ਗਏ ਫੈਸਲਿਆਂ ਤੇ ਮੁੜ ਵਿਚਾਰ ਕੀਤੀ ਜਾਵੇਗੀ। ਉਸਨੇ ਇਹ ਵੀ ਸਪਸ਼ਟ ਕਰ ਦਿਤਾ ਕਿ ਇਕ ਹੋਰ ਸਰ-ਬਤ ਖਾਲਸਾ ਪਹਿਲੇ ਮਤਿਆਂ ਵਿਚ ਤਬਦੀਲੀ ਕਰ ਸਕਦਾ ਹੈ। ਉਸ ਨੇ ਕਿਹਾ ਕਿ ਇਸ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਸਰਬਤ ਖਾਲਸਾ ਨੇ 'ਖਾਲਿਸਤਾਨ' ਨੂੰ ਨਿਸ਼ਾਨਾ ਮਿਥਿਆ ਸੀ। ਇਸੇ ਹੀ ਪ੍ਰੈਸ ਕਾਨਫਰੰਸ ਵਿਚ ਦਮਦਮਾ ਸਾਹਿਬ ਦੇ ਮੁਖ ਗਰੰਥੀ ਭਾਈ ਜਸਵੰਤ ਸਿੰਘ ਨੇ ਕਿਹਾ ਸੀ ਕਿ 'ਅਸੀਂ ਖਾਲਿਸਤਾਨ ਕੌਂਸਲ ਦੇ ਹੱਕ ਵਿਚ ਬੋਲੇ ਸਾਂ ਅਤੇ ਉਸ ਨਾਲ ਖੜੇ ਰਹਾਂਗੇ।'

## ਸੌਦੇਬਾਜ਼ੀ ਦਾ ਅਧਾਰ


ਲੇਕ ਵੀਊ ਰੀਅਲਿਟੀ ਦੇ ਭਰੋਸੇਯੋਗ ਰੀਅਲ ਇਸਟੇਟ

ਕੇ. ਐਸ. (ਕਾਲ) ਬਾਸੀ

LAKEVIEW REALTY LTD.
7909 Scott Road,
Delta, B.C. V4C 6P6

ਤੁਹਾਡੀ ਹਰ ਪ੍ਰਕਾਰ ਦੀ ਜਾਇਦਾਦ, ਘਰ ਆਦਿ ਖਰੀਦਣ ਵੇਚਣ ਵਿਚ ਸਹਾਇਤਾ ਕਰ ਸਕਦੇ ਹਨ

Bus:
ਫ਼ੋਨ : 590-3231



K.S. (KAL) BASSI





ਗੁਰਜੀਤ ਬਾਵਾ ਢੀਂਡਸਾ
1983 ਤੇ 1985 1987 ਦਾ ਟੌਪ ਸੇਲ ਮੈਨ ਐਵਾਰਡ ਜੇਤੂ

GM WESTMINSTER
FOR BEST DEAL & BEST SERVICE
12th. STREET AT QUEENS AVE., NEW WESTMINSTER, B.C.
BUS. 521-7731 PAGER 687-1985 #5531

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ਼ੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜ਼ਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ। ਥੋੜੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ



ਇਕ ਵਾਰ ਜਦ ਸਰਕਾਰ ਨੇ ਅਕਾਲੀ ਦਲ (ਲੌਂਗੋਵਾਲ) ਤੇ ਇਥੋਂ ਤਕ ਕਿ ਯੂ. ਏ ਡੀ. ਨੂੰ ਦੁਰਕਾਰਨ ਦਾ ਫੈਸਲਾ ਕਰ ਲਿਆ ਅਤੇ ਅੱਤਵਾਦੀਆਂ ਨਾਲ ਸੌਦੇਬਾਜ਼ੀ ਕਰ ਲਈ ਤਾਂ ਕੁਦਰਤੀ ਤੌਰ ਤੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਇਸ ਸੌਦੇ ਬਾਜ਼ੀ ਦਾ ਆਧਾਰ ਕੀ ਹੋ ਸਕਦਾ ਹੈ ਅਤੇ ਸਥਿਤੀ ਬਾਰੇ ਸਰਕਾਰ ਦਾ ਅੰਦਾਜ਼ਾ ਕੀ ਹੈ। ਸ਼ਾਇਦ ਸਰਕਾਰ ਇਹ ਮਹਿਸੂਸ ਕਰਦੀ ਹੈ ਕਿ ਰਾਸ਼ਟਰਪਤੀ ਰਾਜ ਲਾਗੂ ਕਰਨ ਤੋਂ ਬਾਅਦ ਉਹ ਅਮਨ ਤੇ ਕਾਨੂੰਨ ਦੀ ਸਥਿਤੀ ਸੁਧਾਰਨ ਵਿਚ ਅਸਫਲ ਰਹੀ ਹੈ। 10 ਮਹੀਨਿਆਂ ਦੇ ਸਮੇਂ ਵਿਚ ਹਜ਼ਾਰਾਂ ਦੇ ਲਗਭਗ ਬੇਦੋਸ਼ੇ ਲੋਕਾਂ ਦੀਆਂ ਜਾਨਾਂ ਦਹਿਸ਼ਤਗਰਦਾਂ ਹੱਥੋਂ ਚਲੀਆਂ ਗਈਆਂ ਹਨ। ਦਹਿਸ਼ਤਗਰਦਾਂ ਦੀਆਂ ਗਤੀਵਿਧੀਆਂ ਵਿਚ ਤੇਜ਼ੀ ਆਈ ਹੈ। ਪੰਥਕ ਕਮੇਟੀ ਇਕਮੁਠ ਹੈ ਤੇ ਉਸ ਨੂੰ ਪਾਕਿਸਤਾਨ ਤੋਂ ਹੋਰ ਵਧੇਰੇ ਹਥਿਆਰਾਂ ਦੀ ਸਪਲਾਈ ਹੋ ਰਹੀ ਹੈ। ਬਾਦਲ ਦੀ ਰਿਹਾਈ ਤੋਂ ਬਾਅਦ ਜੋ ਕੁਝ ਵਾਪਰਿਆ ਹੈ—ਉਸਦੀ ਰਿਹਾਈ ਦੀ ਦਹਿਸ਼ਤਗਰਦਾਂ ਨੇ ਆਪਣੀਆਂ ਗਤੀਵਿਧੀਆਂ ਨੂੰ ਹੋਰ ਤੇਜ਼ ਕਰਨ ਲਈ, ਪੂਰੀ ਵਰਤੋਂ ਕੀਤੀ—ਉਹ ਮੁੜ ਵਾਪਰਨ ਜਾ ਰਿਹਾ ਹੈ। ਕਿਉਂਕਿ, ਜੋ ਵਿਅਕਤੀ ਸਿੱਖ ਭਾਈਚਾਰੇ ਦੀ ਲੀਡਰਸ਼ਿਪ ਵਿਚ ਸਥਾਪਤ ਕੀਤੇ ਗਏ ਹਨ, ਉਹ ਅੱਤਵਾਦ ਦੀ ਵਿਚਾਰਧਾਰਾ ਨਾਲ ਲੈਸਹਨ ਤੇ ਉਸਦਾ ਇਕ ਹਿੱਸਾਹਨ ਇਹ ਜਸਬੀਰਸਿੰਘ ਦੇਬਿਆਨਾਂ ਤੋਂਸਾਫ ਹੋ ਜਾਂਦਾ ਹੈ, ਜੋ ਇਸ ਗਲ ਤੇ ਜ਼ੋਰ ਦਿੰਦਾ ਹੈ ਕਿ ਅਕਾਲ ਤਖਤ ਨਾਂ ਕਿ ਧਾਰਮਿਕ ਮਾਮਲਿਆਂ ਵਿਚ ਸਰਬ ਉਚ ਹੈ, ਸਗੋਂ ਸਿਆਸੀ, ਆਰਥਿਕ ਤੇ ਸਮਾਜਕ ਮਾਮ-ਲਿਆਂ ਵਿਚ ਵੀ ਸਰਬ ਉਚ ਹੈ। ਉਸ ਨੇ ਇਹ ਵੀ ਕਿਹਾ ਹੈ ਕਿ ਸਿੱਖਾਂ ਦੀ ਸਿਆ-ਸਤ ਤੇ ਧਰਮ ਨੂੰ ਅਲੱਗ ਅਲੱਗ ਨਹੀਂ ਕੀਤਾ ਜਾ ਸਕਦਾ। ਉਸ ਨੇ ਸਰਕਰ ਤੇ ਦੋਸ਼ ਲਾਇਆ ਹੈ ਕਿ ਉਸ ਨੇ ਸਿੱਖਾਂ ਦੀ ਧਾਰਮਿਕ ਤੇ ਸਿਆਸੀ ਆਜ਼ਾਦੀ ਖੋਹ ਲਈ ਹੈ।

ਉਹਨਾਂ ਦੀ ਸਹਿਮਤੀ ਕਿਸ ਨੁਕਤੇ ਤੇ ਹੁੰਦੀ ਹੈ ? ਕੀ ਸਰਕਾਰ ਰੂੜੀਵਾਦ ਅੱਗੇ ਗੋਡੇ ਟੇਕਣਾ ਚਾਹੁੰਦੀ ਹੈ ਅਤੇ ਇਸ ਅਧਾਰ ਤੇ ਸੌਦੇਬਾਜ਼ੀ ਕਰਨਾ ਚਾਹੁੰਦੀ ਹੈ?

ਇਹ ਸਾਰੇ ਯਤਨ ਵਿਅਰਥ ਹੋਣਗੇ ਕਿਉਂਕਿ ਸਾਮਰਾਜੀ ਤਾਕਤਾਂ ਅਤੇ ਪਾਕਿ-ਸਤਾਨ ਦੀ ਸ਼ਹਿ ਤੇ ਮਦਦ ਪਰਾਪਤ ਅੱਤਵਾਦੀ ਮੁੱਖ ਗਰੰਥੀਆਂ ਤੇ ਪੂਰਾ ਦਬਾਅ ਪਾਉਣਗੇ। ਭਾਵੇਂ ਕੁਝ ਥਿੜਕਣਾ ਵੀ ਹੋਣ, ਪਰ ਉਹਨਾਂ ਦਾ ਅੱਤਵਾਦੀਆਂ ਦੇ ਦਬਾਅ ਅੱਗੇ ਝੁਕਣਾ ਲਾਜ਼ਮੀ ਹੈ। ਦਰਸ਼ਨ ਸਿੰਘ ਰਾਗੀ ਨਾਲ ਕੀ ਵਾਪ-ਰਿਆ ? ਜਦ ਉਸ ਨੇ ਖਾਲਿਸਤਾਨ ਦੀ ਮੰਗ ਬਾਰੇ ਆਪਣੀ ਸੁਰ ਨਰਮ ਕੀਤੀ ਤਾਂ ਉਸਨੂੰ ਇਨ੍ਹਾਂ ਹੀ ਮੁੱਖ ਗਰੰਥੀਆਂ ਨੇ ਜਿਨ੍ਹਾਂ ਨੂੰ ਹੁਣ ਛਡਿਆ ਗਿਆ ਹੈ, ਅਕਾਲ ਤਖਤ ਛੱਡਣ ਲਈ ਮਜਬੂਰ ਕਰ ਦਿਤਾ ਸੀ।

ਸਰਕਾਰ ਦਾ ਫੈਸਲਾ ਅੱਤਵਾਦੀਆਂ ਨੂੰ ਇਸ ਪੱਖੋ ਹੋਰ ਵਡਾ ਉਤਸ਼ਾਹ ਦੇਵੇਗਾ ਕਿ ਜੇ ਸਰਕਾਰ ਉਹਨਾ ਤਾਕਤਾਂ ਨੂੰ ਦੁਰ-ਕਾਰ ਸਕਦੀ ਹੈ, ਜੋ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਖੜਦੀਆਂ ਹਨ, ਤਾਂ ਉਹ ਉਸ ਨੂੰ ਰੂੜੀਵਾਦ ਦੇ ਸਵਾਲ ਤੇ ਵੀ ਗੋਡੇ ਟੇਕਣ ਲਈ ਮਜਬੂਰ ਕਰ ਸਕਦੇ ਹਨ। ਦੇਸ਼ ਦੇ ਦੂਜੇ ਭਾਗਾਂ ਵਿਚ ਇਸ ਤੋਂ ਨਿਕਲਣ ਵਾਲੇ ਸਿਟਿਆਂ ਨੂੰ ਕੇਂਦਰੀ ਸਰਕਾਰ ਦੇ ਸਭ ਤੋਂ ਉਪਰਲੀ ਪੱਧਰ ਦੇ ਨੀਤੀ ਘਾੜਿਆਂ, ਜੇ ਕੋਈ ਹਨ ਤਾਂ, ਨੇ ਸ਼ਾਇਦ ਧਿਆਨ ਵਿਚ ਨਹੀਂ ਰਖਿਆ। ਇਸ ਤੋਂ ਇਲਾਵਾ ਇਹ ਕਦਮ ਪੰਜਾਬ ਪਰਸ਼ਾਸਨ ਵਿਚ ਜੋ ਭਾਰੀ ਮੁਸ਼ਕਲਾਂ ਵਿਚ ਦਹਿਸ਼ਤਗਰਦਾ ਨਾਲ ਨਜਿੱਠ ਰਹੀ ਹੈ. ਪਸਤ ਹਿੰਮਤੀ ਪੈਦਾ ਕਰਨ ਜਾ ਰਿਹਾ ਹੈ।

ਇਹ ਸਪਸ਼ਟ ਤੌਰ ਤੇ ਸਮਝ ਲੈਣਾ ਚਾਹੀਦਾ ਹੈ ਕਿ ਸਰਕਾਰ ਵਲੋਂ ਲਏ ਗਏ ਇਹ ਕਦਮ ਪੰਜਾਬ ਵਿਚ ਅਮਨ ਦੀ ਬਹਾਲੀ ਵਿਚ ਮਦਦ ਨਹੀਂ ਕਰਨਗੇ, ਜੇ ਸਰਕਾਰ ਦਾ ਇਰਾਦਾ ਤਾਜ਼ਾ ਚੋਣਾਂ ਕਰ-ਵਾਉਣ ਅਤੇ ਦਹਿਸ਼ਤਗਰਦਾਂ ਨੂੰ ਕੌਮੀ ਮੁਖ ਧਾਰਾ ਵਿਚ ਲਿਆਉਣ ਦੇ ਨਾਂ ਹੇਠ ਪੰਜਾਬ ਵਿਚ ਸੱਤਾ ਦਹਿਸ਼ਤਗਰਦਾਂ ਹਵਾਲੇ ਕਰਨ ਦਾ ਹੈ ਤਾਂ ਇਸਦੇ ਤਬਾਹਕੁੰਨ ਸਿਟੇ ਨਿਕਲਣਗੇ। ਰੂੜੀਵਾਦ ਦੀ ਵਿਚਾਰ-ਧਾਰਾ ਅਤੇ ਭਿੰਡਰਾਂਵਾਲੇ ਦੀ ਵਿਅਕਤੀ-ਪੂਜਾ ਜੋ ਉਹਨਾਂ ਦੇ ਮਨਾਂ ਵਿਚ ਡੂੰਘਾ ਘਰ ਕਰ ਗਈ ਹੈ, ਪੰਜਾਬ ਵਿਚ ਘੱਟ-ਗਿਣਤੀ ਭਾਈਚਾਰੇ ਦੇ ਮਨਾਂ ਵਿਚ ਨਾ-ਕੇਵਲ ਡਰ ਦੀ ਭਾਵਨਾ ਪੈਦਾ ਕਰੇਗੀ ਸਗੋਂ ਦੋਨਾਂ ਫਿਰਕਿਆਂ ਵਿਚ ਪਾੜੇ ਨੂੰ ਹੋਰ ਵਧਾਏਗੀ। ਇਹਨਾਂ ਅੱਤਵਾਦੀਆਂ ਨੂੰ ਆਪਣਾ ਜਨਤਕ ਅਧਾਰ ਕਾਇਮ ਰਖਣ ਲਈ ਵੀ ਰੂੜੀਵਾਦ ਦੀ ਭਾਸ਼ਾ ਵਿਚ ਗੱਲ ਕਰਨੀ ਪਵੇਗੀ ਅਤੇ ਉਹਨਾਂ ਦੇ ਮਨਾਂ ਵਿਚ ਲੋਕਾਂ ਤੋਂ ਨਿਖੜਨ ਦਾ ਡਰ ਵੀ ਕਾਇਮ ਰਹੇਗਾ।

ਸਰਕਾਰ ਦੇ ਦਿਲ ਅੰਦਰ ਇਕ ਹੋਰ ਵਿਚਾਰ ਵੀ ਹੋ ਸਕਦਾ ਹੈ। ਜਿਵੇਂ ਜਿਵੇਂ ਅੱਤਵਾਦੀ ਆਅਣੀਆਂ ਸਰਗਰ-ਮੀਆਂ ਤੇਜ਼ ਕਰਦੇ ਹਨ ਅਤੇ ਮੁਖ ਗਰੰਥੀ ਉਨਾਂ ਦੇ ਹੁਕਮਾਂ ਅਨੁਸਾਰ ਚਲਣ ਲਈ ਮਜਬੂਰ ਹੁੰਦੇ ਹਨ ਤਾਂ ਸਰਕਾਰ ਇਹ ਬਿਆਨ ਲੈ ਕੇ ਅੱਗੇ ਆਵੇਗੀ ਕਿ ਉਸ ਨੇ ਪੰਜਾਬ ਮਸਲੇ ਨੂੰ ਹੱਲ ਕਰਨ ਲਈ ਸਾਰੇ ਢੰਗ ਅਜ਼ਮਾ ਲਏ ਹਨ ਜਿਨ੍ਹਾਂ ਵਿਚ ਅੱਤ-ਵਾਦੀਆਂ ਨੂੰ ਮੁਖ ਧਾਰਾ ਵਿਚ ਲਿਆਉਣਾ ਵੀ ਸ਼ਾਮਲ ਹੈ ਪਰ ਉਹ ਅਸਫਲ ਰਹੀ ਹੈ। ਇਸ ਲਈ ਪੰਜਾਬ ਸਮਸਿਆ ਨਾਲ ਨਜਿੱਠਣ ਲਈ ਕੇਵਲ ਐਂਮਰਜੈਂਸੀ ਲਾਗੂ ਕਰਨ ਅਤੇ ਰਾਜ ਨੂੰ ਫੌਜ ਹਵਾਲੇ ਕਰਨ ਦਾ ਇਕੋ ਇਕ ਰਾਹ ਹੀ ਬਚਿਆ ਹੈ। ਮੱਧ ਕਾਲੀ ਚੋਣਾਂ ਵਿਚ ਵਰਤਣ ਲਈ ਸਰਕਾਰ ਦਾ ਇਹ ਇਕ ਹੋਰ ਹਥ-ਕੰਡਾ ਹੋਵੇਗਾ ਜੋ ਕਿ ਉਸ ਨੇ ਤਰੀਪੁਰਾ ਚੋਣਾਂ ਵਿਚ ਹੁਣੇ ਜਿਹੇ ਛੋਟੀ ਪੱਧਰ ਤੇ ਵਰਤਿਆ ਹੈ। ਫੌਜ ਤਾਇਨਾਤ ਕਰਕੇ ਅਤੇ ਐਂਮਰਜੈਂਸੀ ਲਾਗੂ ਕਰਕੇ ਰਾਜੀਵ ਗਾਂਧੀ ਇਕ ਵਾਰ ਫਿਰ ਦੇਸ ਨੂੰ ਕੌਮੀ ਏਕਤਾ ਦਾ ਨਾਅਰਾ ਲਗਾ ਕੇ ਆਪਣੇ ਪਿਛੇ ਲਗ ਉਣ ਦੀ ਕੋਸ਼ਿਸ਼ ਕਰੇਗਾ ਜਿਸ ਤਰਾਂ ਉਸ ਨੇ ਅਨੰਦਪੁਰ ਸਾਹਿਬ ਮਤੇ ਨੂੰ 1984 ਵਿਚ ਵਰਤਿਆ ਸੀ। ਪਰ ਉਸਦਾ ਅੰਦਾਜ਼ਾ ਗਲਤ ਹੈ। ਸਥਿਤੀਆਂ ਉਸ ਸਮੇਂ ਨਾਲੋਂ ਬਹੁਤ ਬਦਲ ਚੁਕੀਆਂ ਹਨ। ਬਹੁਤ ਸਾਰੇ ਲੋਕ ਇਹ ਜਾਣ ਚੁਕੇ ਹਨ ਕਿ ਉਸ ਲਈ ਰਾਸ਼ਟਰੀ ਏਕਤਾ ਪਹਿਲਾਂ ਨਹੀਂ ਹੈ

ਸਗੋਂ ਕੋਈ ਵੀ ਮੌਕਾਪ੍ਰਸਤ ਗਠ-ਜੋੜ ਜਾਂ ਇਥੋਂ ਤਕਕਿ ਵਖਵਾਦੀ ਸ਼ਕਤੀਆਂ ਨਾਲ ਭਾਈਵਾਲੀ ਰਾਹੀਂ ਆਪਣੀ ਪਾਰਟੀ ਨੂੰ ਸੱਤਾ ਵਿਚ ਲਿਆਉਣਾ ਪਹਿਲਾਂ ਹੈ। ਇਹ ਸਾਰੇ ਦੇਸ਼ ਲਈ ਤਬਾਹਕੁੰਨ ਸਿਧ ਹੋ ਚੁਕਾ ਹੈ। ਭਾਵੇਂ ਇਹ ਕਸ਼ਮੀਰ, ਤਰੀਪੁਰਾ ਜਾਂ ਉਤਰੀ ਪੂਰਬੀ ਖਿੱਤਾ ਹੋਵੇ, ਜਿਥੇ ਫਿਰਕੂ ਵੰਡ-ਵਾਦੀ ਤੇ ਵੱਖਵਾਦੀ ਸ਼ਕਤੀਆਂ ਬਹੁਤ

ਬਾਕੀ ਸਫਾ 3 ਉਤੇ


PAUL'S
PLUMBING, ELECTRICAL
& HEATING SUPPLY





4774 MAIN ST. AT 32ND Vancouver
PH. 872-3118, 872-7227
OPEN SUNDAYS

Plumbing & Bathroom Fixtures & Supplies Hot Water Tanks

Hot Water Heating & Supplies And Instalations

# TRU FOODS DISTRIBUTORS LTD.
**Specializing in Health Foods**

**Vitamins ■ Herbs and all East Indian Foods**

PROPRITER **Mander Brothers**

**Tele.(604) 584-7011**

**10705 — King George Hwy Surrey, B.C. V3T 2X6 ● 10053 — 136 A St. Surrey, B.C. V3T 4G1**

# River View Roofing

ਛੱਤਾਂ ਦੇ ਕੰਮ ਲਈ ਸਾਨੂੰ ਵੱਧ ਤੋਂ ਵੱਧ ਵਰਕਰਾਂ ਦੀ ਲੋੜ ਹੈ।
ਕੰਮ ਤੇ ਰੱਖੇ ਜਾਣ ਵਾਲੇ ਵਰਕਰਾਂ ਨੂੰ ਇਹ ਸਹੂਲਤਾਂ ਕੰਪਨੀ ਦੇਵੇਗੀ

- ਕੰਮ ਕਰਨ ਵਾਲੇ ਵਰਕਰਾਂ ਦਾ ਡੈਂਟਲ ਤੇ ਮੈਡੀਕਲ ਪ੍ਰੀਮੀਅਮ ਕੰਪਨੀ ਦੇਵੇਗੀ
- ਵਰਕਰਾਂ ਨੂੰ ਹੌਲੀਡੇ ਦੀ ਤਨਖਾਹ ਵੀ ਦਿੱਤੀ ਜਾਵੇਗੀ
- ਕੰਮ ਘੱਟ ਤੋਂ ਘੱਟ ਦਸ ਘੰਟੇ ਰੋਜ਼ ਹੋਵੇਗਾ
- ਕੰਮ ਛੇ ਦਿਨ ਕਰਨਾ ਪਵੇਗਾ
- ਫਰੀ ਰਾਈਡ ਦਾ ਪ੍ਰਬੰਧ ਹੋਵੇਗਾ।



ਵਧੇਰੇ ਜਾਣਕਾਰੀ ਲਈ ਫ਼ੋਨ ਕਰੋ :

**ਬਿੱਲ (Bill) : 591-8700**

**ਪੇਜਰ : 645-2603**

**River View Roofing**

6716 — King George HWY. SURREY, B.C.

For all your real-estate needs



**Experienced Realtor
In Surrey
Specialising in
Custom-built
New Houses**

# GARY SANGHERA

**Office: 588-9955**

**Lakeview Realty Ltd.**

10732 King George Hwy. Surrey.

# ਜਗਦੀਸ਼ ਸਿੰਘ ਬੀ. ਏ. ਐਲ. ਐਲ. ਬੀ. (ਪੰ: ਯੂ:)

## ਨੋਟਰੀ ਪਬਲਿਕ

* ਘਰ ਜਾਂ ਜ਼ਮੀਨ ਖਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ ਲਈ ਜਾਂ ਕੈਂਸਲ ਕਰਨਾ ਆਦਿ ਦੇ ਕਾਗਜ਼ਾਤ ਤਿਆਰ ਕਰਨਾ ਤੇ ਰਜਿਸਟਰੀ ਕਰਵਾਉਣ
* ਡੈਕਲਾਰੇਸ਼ਨ, ਰਾਹਦਾਰੀ, ਐਗਰੀਮੈਂਟਸ, ਨਾਂ ਦੀ ਤਬਦੀਲੀ ਟਰਾਂਸਲੇਸ਼ਨ ਆਦਿ।

**Ph.& 324-6727 Office**
**324-4160 (Res.)**

(ਦਫਤਰ ਸ਼ਨਿਚਰਵਾਰ ਵੀ ਖੁੱਲ੍ਹਦਾ ਹੈ



ਜਗਦੀਸ਼ ਸਿੰਘ [ B A , L L.B (Pb Uni )]
(ਸਾਬਕਾ ਐਡਵੋਕੇਟ ਪੰਜਾਬ. ਹਾਈ ਕੋਰਟ)

## ਇਮੀਗਰੇਸ਼ਨ ਸਲਾਹਕਾਰ

* ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ
* Adoption - ਭਾਰਤ ਤੋਂ ਬੱਚੇ ਗੋਦ ਲੈਣਾ ਤੇ ਉਹਨਾਂ ਦੀ ਇਮੀਗਰੇਸ਼ਨ
* ਇਮੀਗਰੇਸ਼ਨ ਦੇ ਆਮ ਮਸਲੇ
* ਭਾਰਤੀ ਕਾਨੂੰਨਾਂ ਬਾਰੇ ਸਲਾਹ

*ਵਰਕਜ਼ ਕੰਪਨਸੇਸ਼ਨ ਕੇਸਾਂ ਬਾਰੇ

ਦਫਤਰ ਦਾ ਐਡਰੈਸ

Suite 201-2001 E. 36 Ave.)

(At Victoria De.)

Vancouver, B.C. V5P 1C9.

ਸਮਾਂ-9 a.m. -5 p.m.

# ਸ਼ਹੀਦ ਪੰ: ਕਾਸ਼ੀ ਰਾਮ

**ਮੋਰਿੰਡਾ :** ਪੰਡਤ ਕਾਸ਼ੀ ਰਾਮ ਦਾ ਜਨਮ 13 ਅਕਤੂਬਰ 1883 ਨੂੰ ਪੰਡਤ ਗੰਗਾ ਰਾਮ ਜੋਸ਼ੀ ਦੇ ਘਰ ਰੋਪੜ ਜ਼ਿਲੇ ਦੇ ਇਕ ਨਿੱਕੇ ਜਿਹੇ ਪਿੰਡ ਮੜੌਲੀ ਕਲਾਂ ਵਿਚ ਹੋਇਆ। ਉਨ੍ਹਾਂ ਨੇ ਆਪਣੀ ਮੁਢਲੀ ਸਿੱਖਿਆ ਡੀ.ਬੀ. ਮਿਡਲ ਸਕੂਲ ਮੋਰਿੰਡਾ ਵਿਚ ਪ੍ਰਾਪਤ ਕੀਤੀ ਅਤੇ ਚੰਗੇ ਨੰਬਰਾਂ ਨਾਲ ਅੱਠਵੀਂ ਪਾਸ ਕਰਨ ਪਿੱਛੋਂ ਮਹਿੰਦਰਾ ਹਾਈ ਸਕੂਲ ਪਟਿਆਲਾ ਵਿਚ ਦਾਖਲਾ ਲੈ ਲਿਆ। ਕਾਸ਼ੀ ਰਾਮ ਬੜੇ ਹੁਸ਼ਿਆਰ ਵਿਦਿਆਰਥੀ ਸਨ ਅਤੇ ਉਨ੍ਹਾਂ ਨੇ ਕਾਫੀ ਚੰਗੇ ਨੰਬਰਾਂ ਨਾਲ ਦਸਵੀਂ ਪਾਸ ਕਰ ਲਈ। ਇਲਾਕੇ ਦੇ ਇਕੋ ਇਕ ਪੜ੍ਹੇ ਲਿਖੇ ਤੇ ਦਸਵੀਂ ਪਾਸ ਨੌਜਵਾਨ ਹੋਣ ਕਾਰਨ ਇਲਾਕੇ ਦੇ ਲੋਕ ਉਨ੍ਹਾਂ ਦੀ ਬੜੀ ਇੱਜ਼ਤ ਕਰਦੇ ਸਨ।




ਦਸਵੀਂ ਪਾਸ ਕਰਨ ਪਿੱਛੋਂ ਪੰਡਤ ਜੀ ਨੇ ਚਮਕੌਰ ਸਾਹਿਬ ਖਜ਼ਾਨੇ ਵਿਚ ਨੌਕਰੀ ਕਰ ਲਈ ਅਤੇ ਕੁਝ ਸਮਾਂ ਬਾਅਦ ਬਦਲੀ ਹੋਣ 'ਤੇ ਉਹ ਅੰਬਾਲੇ ਚਲੇ ਗਏ। ਕੁਝ ਅਰਸੇ ਪਿੱਛੋਂ ਉਹ ਨੌਕਰੀ ਛੱਡ ਕੇ ਦਿੱਲੀ ਚਲੇ ਗਏ ਅਤੇ ਫਿਰ ਉਥੋਂ ਆਸਟਰੇਲੀਆ। ਫਿਰ ਉਹ ਪੱਛਮ ਦੇ ਕੁਝ ਦੇਸ਼ਾਂ ਵਿਚੋਂ ਹੁੰਦੇ ਹੋਏ ਅਮਰੀਕਾ ਪਹੁੰਚ ਗਏ ਅਤੇ ਔਰਗਨ ਪ੍ਰਾਂਤ ਦੇ ਸੇਂਟ ਜੌਹਨ ਸਥਾਨ 'ਤੇ ਮਜ਼ਦੂਰਾਂ ਦੇ ਮੇਟ ਲਗ ਗਏ। ਕੁਝ ਸਮੇਂ ਪਿੱਛੋਂ ਉਹ ਇਹ ਕੰਮ ਛੱਡ ਕੇ ਇਕ ਆਰਾ ਮਿੱਲ ਨੂੰ ਲੱਕੜੀ ਸਪਲਾਈ ਕਰਨ ਲੱਗੇ ਤੇ ਹੌਲੀ ਹੌਲੀ ਇਕ ਅਮੀਰ ਠੇਕੇਦਾਰ ਵਜੋਂ ਜਾਣੇ ਜਾਣ ਲੱਗੇ। ਇਸੇ ਦੌਰਾਨ ਉਹ ਅਮਰੀਕਾ ਵਸਦੇ ਭਾਰਤੀ ਕਾਮਿਆਂ ਦੇ ਸੰਪਰਕ ਵਿਚ ਆਏ ਅਤੇ ਆਪਣੇ ਦੇਸ਼ ਦੀ ਸਥਿਤੀ ਬਾਰੇ ਵਿਚਾਰਾਂ ਕਰਨ ਲੱਗੇ। 1906 ਵਿਚ ਪੰਡਤ ਜੀ ਦਾ ਘਰ ਦੇਸ਼ ਭਗਤ ਇਨਕਲਾਬੀਆਂ ਦਾ ਕੇਂਦਰ ਬਣ ਗਿਆ। ਇਹ ਸਾਰੇ ਰਲ ਕੇ ਮੈਡਮ ਕਾਮਾ ਵਲੋਂ ਭੇਜੇ ਗਏ ਇਨਕਲਾਬੀ ਲੇਖਾਂ ਤੇ ਸਾਹਿਤ ਦਾ ਅਧਿਐਨ ਕਰਦੇ।

ਇਸੇ ਦੌਰਾਨ ਪੰਡਤ ਕਾਸ਼ੀ ਰਾਮ ਦੀ ਮੁਲਾਕਾਤ ਉਘੇ ਭਾਰਤੀ ਇਨਕਲਾਬੀ ਲਾਲਾ ਹਰਦਿਆਲ ਨਾਲ ਹੋਈ। 25 ਮਾਰਚ 1913 ਨੂੰ ਲਾਲਾ ਹਰਦਿਆਲ ਨੇ ਸੇਂਟ ਜੌਹਨ ਦੇ ਇਲਾਕੇ ਵਿਚ ਵਸਦੇ ਭਾਰਤੀ ਮਜ਼ਦੂਰਾਂ ਦੀ ਇਕ ਮੀਟਿੰਗ ਵਿਚ ਹਿੱਸਾ ਲਿਆ ਅਤੇ ਦੇਸ਼ ਨੂੰ ਸੁਤੰਤਰ ਕਰਾਉਣ ਲਈ ਹਥਿਆਰਬੰਦ ਘੋਲ ਕਰਨ ਲਈ ਪਾਰਟੀ ਬਣਾਉਣ ਦਾ ਫੈਸਲਾ ਹੋਇਆ, ਜਿਸ ਦਾ ਨਾਂ ਗਦਰ ਪਾਰਟੀ ਰੱਖਿਆ ਗਿਆ। ਇਸ ਪਾਰਟੀ ਦੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ ਅਤੇ ਖਜ਼ਾਨਚੀ ਪੰਡਤ ਕਾਸ਼ੀ ਰਾਮ ਬਣਾਏ ਗਏ। ਇਕ ਗੁਪਤ ਕਮਿਸ਼ਨ ਵੀ ਸਥਾਪਤ ਕੀਤਾ ਗਿਆ ਜਿਸ ਦੇ ਇਹ ਤਿੰਨੇ ਸਾਥੀ ਮੈਂਬਰ ਸਨ। ਪਾਰਟੀ ਦੇ ਪ੍ਰਚਾਰ ਲਈ 'ਗਦਰ ਦੀ ਗੂੰਜ' ਨਾਂ ਦਾ ਰਿਸਾਲਾ ਕੱਢਿਆ ਗਿਆ ਜਿਸ ਦਾ ਬਹੁਤਾ ਖਰਚਾ ਪੰਡਤ ਕਾਸ਼ੀ ਰਾਮ ਹੀ ਚਲਾਉਂਦੇ ਸਨ। ਇਹ ਰਿਸਾਲਾ ਛੇਤੀ ਹੀ ਭਾਰਤ ਦੇ ਲੋਕਾਂ ਅਤੇ ਵਿਦੇਸ਼ਾਂ ਵਿਚ ਵਸਦੇ ਭਾਰਤੀਆਂ ਵਿਚ ਹਰਮਨ ਪਿਆਰਾ ਹੋ ਗਿਆ।

ਗਦਰ ਪਾਰਟੀ ਦੇ ਸੱਦੇ 'ਤੇ ਵਿਦੇਸ਼ਾਂ ਵਿਚ ਵਸਦੇ ਸੈਂਕੜੇ ਭਾਰਤੀ ਸਮੁੰਦਰੀ ਤੇ ਹਵਾਈ ਰਸਤੇ ਭਾਰਤ ਪਰਤਣੇ ਸ਼ੁਰੂ ਹੋ ਗਏ ਜਿਨ੍ਹਾਂ ਵਿਚੋਂ ਕਈ ਫੜੇ ਜਾਂ ਗੋਲੀਆਂ ਨਾਲ ਉਡਾ ਦਿੱਤੇ ਗਏ। ਪਰ ਪੰਡਤ ਕਾਸ਼ੀ ਰਾਮ ਕਿਸੇ ਤਰ੍ਹਾਂ ਬਚ ਬਚਾ ਕੇ ਆਪਣੇ ਪਿੰਡ ਪਹੁੰਚਣ ਵਿਚ ਸਫਲ ਹੋ ਗਏ। ਉਨ੍ਹਾਂ ਨੂੰ ਮਿਲਣ ਲਈ ਇਲਾਕੇ ਦੇ ਲੋਕ ਭਾਰੀ ਗਿਣਤੀ ਵਿਚ ਇਕੱਠੇ ਹੋ ਗਏ। ਇਸ ਇਕੱਠ ਨੂੰ ਪੰਡਤ ਜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਦੇਸ਼ ਦੀ ਗੁਲਾਮੀ ਦੀਆਂ ਜ਼ੰਜੀਰਾਂ ਤੋੜੀਆਂ ਜਾਣ ਅਤੇ ਇਨਕਲਾਬ ਦਾ ਝੰਡਾ ਉਚਾ ਕੀਤਾ ਜਾਵੇ। ਸਰਕਾਰ ਨੇ ਪੰਡਤ ਜੀ ਨੂੰ ਗ੍ਰਿਫਤਾਰ ਕਰਨ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ।

ਗਦਰੀਆਂ ਨੇ ਇਕ ਗੁਪਤ ਮੀਟਿੰਗ ਕਰ ਕੇ ਫੈਸਲਾ ਕੀਤਾ ਕਿ ਵਿਦਰੋਹ ਕਰਨ ਤੋਂ ਪਹਿਲਾਂ ਵੱਡੀ ਮਾਤਰਾ ਵਿਚ ਹਥਿਆਰ ਤੇ ਪੈਸੇ ਜਮ੍ਹਾਂ ਕੀਤੇ ਜਾਣ। ਇਸ ਮੰਤਵ ਲਈ ਫਿਰੋਜ਼ਪੁਰ ਛਾਉਣੀ 'ਤੇ ਹਮਲਾ ਕਰ ਕੇ ਹਥਿਆਰ ਕਬਜ਼ੇ ਵਿਚ ਕਰਨ ਦੀ ਸਕੀਮ ਬਣਾਈ ਗਈ ਅਤੇ ਇਸ ਕੰਮ ਲਈ ਪੰਡਤ ਕਾਸ਼ੀ ਰਾਮ ਦੀ ਡਿਊਟੀ ਲਾਈ ਗਈ। ਇਸ ਐਕਸ਼ਨ ਤੋਂ ਪਹਿਲਾਂ ਪੰਡਤ ਜੀ ਨੇ ਪੈਸੇ ਦਾ ਮਸਲਾ ਹੱਲ ਕਰਨ ਲਈ ਮੋਗੇ ਦੇ ਖਜ਼ਾਨੇ ਨੂੰ ਲੁੱਟਣ ਦੀ ਸਕੀਮ ਬਣਾਈ। ਇਸ ਮੰਤਵ ਲਈ ਦੋ ਟੁਕੜੀਆਂ ਕਾਇਮ ਹੋਈਆਂ ਜਿਨ੍ਹਾਂ ਵਿਚੋਂ ਇਕ ਨੇ ਗੱਡੀ ਰਾਹੀਂ ਦੂਜੀ ਨੇ ਟਾਂਗੇ ਰਾਹੀਂ ਮਿਥੀ ਥਾਂ 'ਤੇ ਪਹੁੰਚਣਾ ਸੀ। ਪੰਡਤ ਕਾਸ਼ੀ ਰਾਮ ਟਾਂਗੇ ਵਾਲੀ ਟੁਕੜੀ ਨਾਲ ਸਨ। ਪੁਲੀਸ ਨੂੰ ਇਸ ਟਾਂਗੇ ਵਾਲੀ ਟੁਕੜੀ 'ਤੇ ਸ਼ੱਕ ਹੋ ਗਿਆ। ਟਾਂਗੇ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਕ ਵਾਰ ਤਾਂ ਇਹ ਟਾਂਗੇ ਨੂੰ ਭਜਾਉਣ ਵਿਚ ਸਫਲ ਹੋ ਗਏ ਪਰ ਪੁਲੀਸ ਨੇ ਪਿੱਛਾ ਕਰ ਕੇ ਇਨ੍ਹਾਂ ਨੂੰ ਘੇਰ ਲਿਆ। ਇਹ ਘਟਨਾ ਪਿੰਡ ਮਿਸਰੀ ਵਾਲਾ ਦੇ ਨੇੜੇ ਵਾਪਰੀ। ਇਕ ਥਾਣੇਦਾਰ ਨੇ ਇਕ ਇਨਕਲਾਬੀ ਨੂੰ ਚਪੇੜ ਮਾਰ ਦਿੱਤੀ ਅਤੇ ਗੁੱਸੇ ਵਿਚ ਆਏ ਇਨਕਾਲਬੀਆਂ ਨੇ ਆਪਣੇ ਰਿਵਾਲਵਰ ਕੱਢ ਕੇ ਪੁਲੀਸ 'ਤੇ ਗੋਲੀ ਚਲਾ ਦਿੱਤੀ। ਇਸ ਮੁਕਾਬਲੇ ਵਿਚ ਦੋ ਇਨਕਲਾਬੀ ਸ਼ਹੀਦ ਹੋ ਗਏ ਅਤੇ ਪੰਡਤ ਕਾਸ਼ੀ ਰਾਮ ਤੇ ਹੋਰ ਸਾਥੀਆਂ ਨੂੰ ਗ੍ਰਿਫਤਾਰ ਕਰ ਕੇ


**Goyal Travels Inc.**

4152 FRASER ST., VANCOUVER B.C. V5V 4E8 (604) 877-7777

IATA



ਵੈਨਕੂਵਰ ਦਫਤਰ ਦਾ
ਨਵਾਂ ਫੋਨ ਨੰਬਰ
(604) 877-7777

*WE ARE PLEASED TO ANNOUNCE THE OPENING OF OUR THREE NEW OFFICES*

**Goyal Travel & Tours Canada Inc.**

| CALGARY ਕੈਲਗਰੀ | ਐਡਮਿੰਟਨ EDMONTON | ਟਰਾਂਟੋ - TORONTO |
|---|---|---|
| UNIT 1-5320-8th. AVE., S.E. CALGARY, ALBERTA, T2A 4L7 | 9344-34th. AVE., STRATHCONA SQUARE, EDMONTON, ALTA. T6E 5X8 | SUITE 211, 593 YONGE ST. TORONTO, ONT. M4Y 1Z4 |
| PH. (403) 235-6808 | PH. (403) 462-2424 | PH. (416) 960-3866 |

TOLL FREE IN B.C., ALBERTA, SASKATECHEWAN AND MANITOBA 1-800-663-8638

# "Award Winning Photography"

ਡੈਲਟਾ-ਸਰ੍ਹੀ ਦੀ ਪੰਜਾਬੀ ਮਾਰਕਿਟ ਵਿਚ

## ਸੁਪਰ ਫੋਟੋ ਸਟੂਡੀਓ

ਪਾਸਪੋਰਟ ਅਤੇ ਵੀਜ਼ਾ ਆਦਿ ਦੀਆਂ ਫੋਟੋ ਪੰਜ ਮਿੰਟ ਵਿੱਚ ਤਿਆਰ

* ਸੁੰਦਰ ਡਵੈਲਪਮੈਂਟ ਲਈ ਰੀਲਾਂ ਸਾਡੇ ਕੋਲ ਲਿਆਓ
* ਪੁਰਾਣੀਆਂ ਫਟੀਆਂ ਤਸਵੀਰਾਂ ਮੁੜ ਨਵੀਂਆਂ ਕਰਦੇ ਹਾਂ,

ਬਲੈਕ ਐਂਡ ਵਾਈਟ ਫੋਟੋ ਕਲਰ ਕੀਤੀਆਂ ਜਾਂਦੀਆਂ ਹਨ।

ਵਿਆਹ ਸ਼ਾਦੀਆਂ ਦੀਆਂ ਬੇਹਤਰੀਨ ਤਸਵੀਰਾਂ

1-16x20-1-11x14-1-8x10 - FREE with wedding Photos (Call for details)



**BALBIR SETIA**

**589-4668**

## SUPER PHOTO STUDIOS

**9375 - 120th Street (Scott Rd.), Delta. V4C 6R9**

---

## ਕਾਹਲੋਂ ਆਟੋ ਸਰਵਿਸ ਲਿਮਟਿਡ

# Kahlon Auto Service Ltd.

11956 - 95A Ave. DELTA, B.C.

## Ph. 585-1242

**Special** Free Steam Cleaning With Every Brake Job.

call us today : ਹੁਣੇ ਫ਼ੋਨ ਕਰੋਂ : **585-1242** Mubarak A. Chaudhary

ਬਰੇਕਸ, ਟੀਊਨਅੱਪ, ਸਟੀਮ ਕਲੀਨਿੰਗ, ਇੰਜਨ ਰੀਬੈਲਡ ਦੇ ਮਾਹਰ

ਹਰ ਬਾਰ ਬਰੇਕਾਂ ਦਾ ਕੰਮ ਕਰਵਾਉਣ ਸਮੇਂ ਮੁਫਤ ਵਿਚ ਸਟੀਮ ਕਲੀਨਿੰਗ ਦੀ ਸਰਵਿਸ ਦਿੱਤੀ ਜਾਂਦੀ ਹੈ

Complete Automotive F s

**Special Prices On :—** Wheel Alignment ■ Tune-ups ■ Brakes ■ Steam Cleaning ■ Engine Rebuilding

---

## ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:

**NARESH SHUKLA & BROS.**

$2.⁵⁹ / ਪੌਂਡ ਵਾਲੀਆਂ ਜਲੇਬੀਆਂ $1.⁴⁹

$2.⁵⁰ / ਪੌਂਡ ਵਾਲੇ ਲੱਡੂ $1.⁷⁵

ਸਫਾ 5 ਦੀ ਬਾਕੀ

- ਟਰੈਫਕ ਉਲੰਘਨਾਵਾਂ ਲਈ ਭਾਰੀ ਜੁਰਮਾਨੇ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਗਿਆ ਹੈ।
- ਕਾਰਾਂ ਦੇ ਸਿਟੀ ਪਾਸ ਕਰਨ ਦੇ ਜਿਸ ਪਹਿਲੇ ਸਰਕਾਰੀ ਪ੍ਰਬੰਧ ਨੂੰ ਪਹਿਲਾਂ ਖਤਮ ਕਰ ਦਿੱਤਾ ਸੀ, ਜੋ ਕਿ ਗਲਤ ਸੀ, ਹੁਣ ਮੁੜ ਪ੍ਰਾਈਵੇਟ ਥਾਵਾਂ ਤੋਂ ਕਾਰਾਂ ਦੇ ਸਿਟੀਪਾਸ ਕਰਵਾਉਣ ਦਾ ਹੁਕਮ ਜਾਰੀ ਕਰਕੇ, ਲੋਕਾਂ ਉਪਰ ਹੋਰ ਮਹਿੰਗਾ ਖਰਚਾ ਮੜ੍ਹਿਆ ਗਿਆ ਹੈ।
- ਬੀ ਸੀ ਵਿਚ ਬੇਰੁਜ਼ਗਾਰੀ ਦੀ 15 ਫੀਸਦੀ ਦੀ ਦਰ ਦਾ ਕੋਈ ਇਲਾਜ ਨਹੀਂ ਕੀਤਾ ਗਿਆ।
- ਫਾਰਮ ਵਰਕਰਾਂ ਦੀ ਸਿਹਤ ਰੱਖਿਆ ਲਈ ਅਤੇ ਘੱਟੋ ਘੱਟ ਤਨਖਾਹਾਂ ਵਿਚ ਹੋਰ ਵਾਧਾ ਨਹੀਂ ਕੀਤਾ ਗਿਆ।
- ਇਹ ਪ੍ਰੀਮੀਅਰ ਉਹ ਹੀ ਹੈ ਜੋ ਕਹਿ ਰਿਹਾ ਸੀ ਕਿ ਬਾਹਰੋਂ ਆਉਣ ਵਾਲੇ "ਰਫੀਊਜ਼ੀਆਂ" ਨੂੰ ਲਿਆਉਣ ਵਾਲੇ ਜਹਾਜ਼ ਨੂੰ ਵੇਚ ਕੇ ਉਸ ਦੇ ਪੈਸਿਆਂ ਨਾਲ ਵਾਪਸ ਭੇਜਿਆ ਜਾਵੇ। ਸ੍ਰੀ ਗਿਆਨ ਸਿਘ ਸੰਧੂ ਵੀ ਇਹੋ ਜਿਹੀ ਹੀ ਰਾਏ ਦੇ ਸਨ, ਪ੍ਰੰਤੂ ਗੁਰਦੁਆਰਾ ਰੌਸ ਸਟਰੀਟ ਇਸ ਤੋਂ ਉਲਟ ਰਾਏ ਦੇ ਸਨ, ਇਹ ਹੁਣ ਇਕੱਠੇ ਕਿਹੜੇ ਆਧਾਰ ਉਪਰ ਹੋਏ ਹਨ ?

ਉਪਰੋਕਤ ਅਤੇ ਹੋਰ ਅਨੇਕਾਂ ਅਜਿਹੇ ਲੋਕ ਵਿਰੋਧੀ ਕੰਮ ਪ੍ਰੀਮੀਅਰ ਵੈਂਡਰਜ਼ਾਮ ਦੀ ਸਰਕਾਰ ਬੀ ਸੀ ਦੇ ਲੋਕਾਂ ਲਈ, ਜਿਨ੍ਹਾਂ ਵਿਚ ਅਸੀਂ ਵੀ ਸ਼ਾਮਲ ਹਾਂ, ਕਰ ਰਹੀ ਹੈ। ਇਹ ਇਸ ਦਾ ਕਿਰਦਾਰ ਹੈ। ਫਿਰ ਗੁਰਦੁਆਰੇ ਦੇ ਆਗੂ ਅਤੇ W.S.O. ਅਜਿਹੀ ਸਰਕਾਰ ਦੇ ਮੁਖੀ ਨੂੰ ਸਨਮਾਨਤ ਕਰਕੇ ਸਾਨੂੰ ਮੂਰਖ ਵੀ ਬਣਾ ਰਹੇ ਹਨ ਅਤੇ ਲੋਕ ਵਿਰੋਧੀ ਸਰਕਾਰ ਨੂੰ ਉਸ ਸਮੇਂ ਮਜ਼ਬੂਤ ਕਰ ਰਹੇ ਹਨ ਜਦੋਂ ਸਭਨਾਂ ਪਾਸਿਆਂ ਤੋਂ ਉਸ ਦੀਆਂ ਨੀਤੀਆਂ ਵਿਰੁਧ ਲੋਕ ਸੰਘਰਸ਼ ਕਰਨ ਦੇ ਰਾਹ ਤੁਰ ਰਹੇ ਹਨ। ਉਸ ਦੀਆਂ ਨੀਤੀਆਂ ਦੇ ਸ਼ਿਕਾਰ ਲੋਕ ਹਾਹਾ ਕਾਰ ਰਹ ਰਹੇ ਹਨ।

ਸਾਡੀ ਕਮਿਊਨਿਟੀ ਦੇ ਲੋਕਾਂ ਨੂੰ ਇਸ ਸਭ ਕੁਝ ਨੂੰ ਸੰਜੀਦਗੀ ਨਾਲ ਦੇਖਣਾ ਚਾਹੀਦਾ ਹੈ ਕਿ ਇਹ ਅਖੌਤੀ ਕਮਿਊਨਿਟੀ ਦੇ ਆਗੂ ਕਿਵੇਂ ਮਲਕ ਭਾਗੋਆਂ ਦੇ ਨਾਲ ਖੜੇ ਹਨ। ਇਨ੍ਹਾਂ ਮਲਕ ਭਾਗੋਆਂ ਦੇ ਮਿਤਰਾਂ ਤੋਂ ਕਮਿਊਨਿਟੀ ਦੇ ਭਲੇ ਦੀ ਆਸ ਰੱਖਣੀ, ਖਰਗੋਸ਼ ਦੇ ਸਿਰ ਉਤੇ ਸਿੰਙ ਭਾਲਣ ਵਾਲੀ ਗੱਲ ਹੈ।

**ਇਨਸਾਨੀਅਤ ਸਭਨਾਂ ਧਰਮਾਂ ਤੋਂ ਉਪਰ ਹੈ**
**ਇਨਸਾਨ ਬਣੋ**


SANTORIA PIZZA

13979-16TH AVE.
IN THE NICHOL PLAZA

DELIVERY AFTER 4:30 p.m.

OPEN 7 DAYS A WEEK

OPEN HOURS

| | |
|---|---|
| MON. TO THUR. | 4:00 P.M. - 12:00 A.M. |
| FRI. & SAT. | 4:00 P.M. - 1:00 A.M. |
| SUN. & HOL. | 4:00 P.M. - 10:00 P.M. |

FREE FAST DELIVERY
on minimum orders of $6.00

CALL 531-2772

2 FOR 1
PICK-UP & DELIVERY
FREE DELIVERY

VISA MasterCard

JESSIE FABRICS LTD.

ਜੈਸੀ ਫੈਬਰਿਕ ਲਿਮਟਿਡ

ਸ਼ਾਨਦਾਰ ਕਢਾਈ ਵਾਲੇ ਸੂਟ, ਸਿਲਕੀ ਸਾੜ੍ਹੀਆਂ, ਬਣੇ ਬਣਾਏ ਸੂਟ ਅਤੇ ਅਨੇਕਾਂ ਰੰਗਾਂ ਅਤੇ ਡੀਜ਼ਾਈਨਾਂ ਵਿਚ ਹਰ ਤਰ੍ਹਾਂ ਦੇ ਕੱਪੜੇ ਸਾਡੇ ਕੋਲੋਂ ਬਾਜਬ ਕੀਮਤਾਂ 'ਤੇ ਲਵੋ

SPECIALITIES
EMBRODED SUITS, SILK SAREES
READYMADE SUITS & FABRICS

UNIT # 1 + 2, 9305-120th St.
DELTA B.C.
V4C 6R8

JASKANWAL SINGH
Bus. (604) 585-3656
Res. (604) 276-2417

# ਕੈਨੇਡਾ ਵਿਚ ਸਰਕਾਰੀ ਅਦਾਰਿਆਂ ਦਾ ਪ੍ਰਾਈਵੇਟ ਕਰਣ

**ਗੁਰਨਾਮ ਸਿੰਘ ਸੰਘੇੜਾ**

ਕੈਨੇਡਾ ਦੀ ਟੋਰੀ ਸਰਕਾਰ ਅਤੇ ਬ੍ਰਿਟਿਸ਼ ਕੁਲੰਬੀਆਂ ਦੀ ਸੋਕਰਡ ਸਰਕਾਰ ਸਰਕਾਰੀ ਅਦਾਰਿਆਂ ਅਤੇ ਪਬਲਿਕ ਸੈਕਟਰ ਨੂੰ ਪ੍ਰਾਈਵੇਟ ਕਰਨ (ਭਾਵ ਧਨੀਆਂ ਪਾਸ ਵੇਚਣ) ਲਈ ਬੜੀ ਤੇਜ਼ੀ ਨਾਲ ਕਦਮ ਪੁਟ ਰਹੀ ਹੈ ਪਰ ਇਸ ਵਿਰੁੱਧ ਕੌਮੀ ਜਾਂ ਸੂਬਾਈ ਪੱਧਰ ਤੇ ਕੋਈ ਖਾਸ ਲਾਮਬੰਦੀ ਨਹੀਂ ਹੋ ਸਕੀ। ਓਟਾਵਾ ਦੀ ਟੋਰੀ ਸਰਕਾਰ ਨੇ ਏਅਰ ਕੈਨੇਡਾ, ਪੈਟਰੋ ਕੈਨੇਡਾ ਅਤੇ ਸੀ ਬੀ ਸੀ ਆਦਿ ਨੂੰ ਪ੍ਰਾਈਵੇਟ ਮੁਨਾਫੇਖੋਰ ਹੱਥਾਂ ਵਿਚ ਵੇਚਣ ਦਾ ਐਲਾਨ ਤਾਂ ਦੋ ਸਾਲ ਪਹਿਲਾਂ ਹੀ ਕੀਤਾ ਅਤੇ ਬੀ ਸੀ ਦੀ ਸੋਕਰਡ ਸਰਕਾਰ ਦੇ ਮੁੱਖ ਮੰਤਰੀ ਸ੍ਰੀ ਵੈਂਡਰਜ਼ੈਮ ਨੇ ਤਾਂ ਇਹ ਭੀ ਆਖ ਦਿੱਤਾ ਕਿ ਜੇ ਕੋਈ ਗਾਹਕ ਹੋਵੇ ਤਾਂ ਉਹ ਅਸੰਬਲੀ ਹਾਲ ਵੇਚਣ ਨੂੰ ਤਿਆਰ ਹੈ। ਇਹ ਸਾਰੇ ਬਿਆਨ ਕੋਈ ਸਾਧਾਰਨ ਗੱਲ ਨਹੀਂ। ਇਥੋਂ ਤੱਕ ਕਿ ਬੀ ਸੀ ਦੀਆਂ ਸੜਕਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣ ਲਈ ਐਲਾਨ ਨਾਲ ਲੋਕਾਂ ਨੂੰ ਜਾਗਣਾ ਚਾਹੀਦਾ ਹੈ। ਲੋਕਾਂ ਲਈ ਬੁਨਿਆਦੀ ਅਤੇ ਅਤਿਅੰਤ ਜ਼ਰੂਰ ਸਮਾਜਕ ਸੇਵਾਵਾਂ ਦਾ ਮੁਨਾਫੇਖੋਰਾਂ ਦੇ ਹੱਥਾਂ ਵਿਚ ਜਾਣਾ ਲੋਕ ਹਿਤਾਂ ਦੇ ਵਿਰੁਧ ਹੈ। ਪਹਿਲੀ ਗੱਲ ਇਹ ਕਿ ਇਸ ਨਾਲ ਸਗੋਂ ਸਰਕਾਰੀ ਖਜ਼ਾਨੇ ਨੂੰ ਘਾਟਾ ਪਵੇਗਾ (ਜੇ ਉਹਨਾਂ ਮਹਿਕਮਿਆਂ ਤੋਂ ਮੁਨਾਫਾ ਨਾ ਹੋਵੇ ਤਾਂ ਧਨੀ ਮੁਨਾਫੇਖੋਰ ਉਸ ਨੂੰ ਮੁੱਲ ਕਿਉਂ ਲਵੇਗਾ) ਦੂਜੇ ਪ੍ਰਾਈਵੇਟ ਹੱਥਾਂ ਰਾਹੀਂ ਉਹ ਹੀ ਸੇਵਾਵਾਂ ਮਹਿਗੀਆਂ ਮਿਲਣਗੀਆਂ ਕਿਉਂਕਿ ਪ੍ਰਾਈਵੇਟ ਧਨੀ ਅਤੇ ਉਸ ਦੇ ਅਜੰਟਾਂ ਨੇ ਭੀ ਪੈਸੇ ਲੈਣੇ ਹਨ। ਤੀਜੇ ਉਹਨਾਂ ਸੇਵਾਵਾਂ ਦੀ ਕੁਆਲਟੀ ਡਿਗ ਜਾਏਗੀ। ਜੇਕਰ ਸਰਕਾਰ ਚੰਗੀ ਕੁਆਲਟੀ ਨਹੀਂ ਦੇ ਸਕਦੀ ਤਾਂ ਪ੍ਰਾਈਵੇਟ ਕਿਉਂ ਤੇ ਕਿਵੇਂ ਦੇਵੇਗਾ? ਇਹ ਪ੍ਰਾਈਵੇਟ ਕਰਣ ਅਤੇ ਕੰਮ ਦੀ ਆਜ਼ਾਦੀ ਤੇ ਹੱਕ ਆਦਿ ਦੇ ਫਰੇਬੀ ਨਾਅਰੇ ਨਵ-ਕਨਜ਼ਰਵੇਟਿਵ ਦੇ ਨਾਮ ਅਧੀਨ ਧਨੀ ਮੁਨਾਫੇਖੋਰਾਂ ਦੇ ਦਬਾਅ ਅਧੀਨ ਤੇ ਉਹਨਾਂ ਦੇ ਲਾਭਾਂ ਲਈ ਦਿਤੇ ਜਾ ਰਹੇ ਹਨ। ਇਹ ਨਾਅਰੇ ਕੋਈ ਨਵੇਂ ਨਹੀਂ। ਬਲਕਿ ਜਦੋਂ ਤੋਂ ਸਰਕਾਰੀ ਸੇਵਾਵਾਂ ਦੇਣ ਅਤੇ ਵੈਲਫੇਅਰ ਸਟੇਟ ਦਾ ਸੰਕਲ ਆਰੰਭ ਹੋਇਆ, ਇਹ ਨਾਅਰੇ ਉਸ ਸਮੇਂ ਭੀ ਦਿਤੇ ਜਾਂਦੇ ਰਹੇ ਅਤੇ ਅਜ ਉਹਨਾਂ ਸੇਵਾਵਾਂ ਨੂੰ ਖੋਰਨ ਤੇ ਖਤਮ ਕਰਨ ਲਈ ਦਿਤੇ ਜਾ ਰਹੇ ਹਨ।

ਇਸ ਕਦਮ ਦੇ ਮਾਰੂ ਅਸਰਾਂ ਵਾਰੇ ਗੱਲ ਕਰਨ ਤੋਂ ਪਹਿਲਾਂ, ਇਸ ਦੇ ਸੰਖੇਪ ਪਿਛੋਕੜ ਨੂੰ ਭੀ ਵੇਖਣਾ ਚਾਹੀਦਾ ਹੈ। ਕੈਨੇਡਾ ਦੀਆਂ ਸਮਾਜਕ ਸੇਵਾਵਾਂ ਦਾ ਵਿਕਾਸ ਇਸ ਆਧਾਰ ਤੇ ਹੋਇਆ ਕਿ ਗਰੀਬ, ਬੇਰੁਜ਼ਗਾਰ, ਘੱਟ ਤਨਖਾਹ ਵਾਲਾ, ਕੰਮ ਨਾ ਕਰਨ ਯੋਗ ਵਿਅਕਤੀ, ਮੌਸਮੀ ਕਾਮੇ ਅਤੇ ਬਜ਼ੁਰਗ ਆਦਿ ਲੋਕਾਂ ਪਾਸ ਸਾਧਨ ਨਹੀਂ ਹੁੰਦੇ ਜਾਂ ਘੱਟ ਹੁੰਦੇ ਹਨ ਅਤੇ ਸਰਕਾਰ ਦਾ ਫਰਜ਼ ਹੈ ਕਿ ਸਰਕਾਰ ਉਹਨਾਂ ਨੂੰ ਬੁਨਿਆਦੀ ਤੇ ਜ਼ਰੂਰੀ ਸੇਵਾਵਾਂ ਦੇਵੇ। ਪਰ ਫਿਰ ਭੀ ਕਈ ਸਮਾਜਿਕ ਸੇਵਾਵਾਂ ਆਰਜ਼ੀ ਹਨ ਅਤੇ ਉਹ ਦੇਣਾ ਜਾਂ ਨਾ ਦੇਣਾ ਸਰਕਾਰ ਦੀ ਮਰਜ਼ੀ ਹੈ। ਜਿਵੇਂ ਕੈਨੇਡਾ ਸਹਾਇਤਾ ਪਲੈਨ ਜਾਂ ਵੈਲਫੇਅਰ ਆਦਿ ਵਿਅਕਤੀ ਦਾ ਬੁਨਿਆਦੀ ਹੱਕ ਨਹੀਂ ਬਲਕਿ ਕਾਫੀ ਛਾਣਬੀਣ ਅਤੇ ਟੈਸਟ ਪਿਛੋਂ ਦਿਤੀ ਜਾਂਦੀ ਹੈ। ਪਰ ਜੇ ਇਹ ਹੀ ਸਹਾਇਤਾ ਪ੍ਰਾਈਵੇਟ ਅਜੰਸੀ ਰਾਹੀਂ ਦਿਤੀ ਜਾਣ ਲੱਗੇ ਤਾਂ ਫਿਰ ਇਸ ਤੋਂ ਭੀ ਜ਼ਿਆਦਾ ਤੰਗੀ ਹੋਵੇਗੀ। ਇਹ ਗਲ ਭੀ ਆਮ ਹੀ ਆਖੀ ਜਾਂਦੀ ਹੈ ਕਿ "ਗਰੀਬ ਜਾਂ ਫਲਾਂ ਵਰਗ ਤਾਂ ਐਵੇਂ ਹੀ ਸਮਾਜਕ ਸੇਵਾਵਾਂ ਦੀ ਦੁਰਵਰਤੋਂ ਕਰੀ ਜਾਂਦਾ ਹੈ ਅਤੇ ਸਗੋਂ ਸਰਕਾਰ ਨੂੰ ਘਾਟਾ ਪਾਉਂਦਾ ਹੈ।" ਇਹ ਧਨੀ ਪੱਖੀ ਸਰਕਾਰ ਅਤੇ ਸੱਜ ਪਿਛਾਖੜੀ ਵਿਚਾਰਧਾਰਾ ਦਾ ਪ੍ਰਚਾਰ ਹੈ ਤਾਂਕਿ ਸਮਾਜਕ ਸੇਵਾਵਾਂ ਦਾ ਖਾਤਮਾ ਕੀਤਾ ਜਾ ਸਕੇ। ਜੇ ਕੋਈ ਇਕ ਅੱਧ ਫੀਸਦੀ ਦੁਰਵਰਤੋਂ ਕਰਦਾ ਭੀ ਹੋਵੇ ਤਾਂ ਇਸ ਦਾ ਇਹ ਭਾਵ ਨਹੀਂ 99 ਫੀਸਦੀ ਤੋਂ ਹੱਕ ਖੋਹ ਲਵੋ।

ਇਹ ਭੀ ਨਾਅਰਾ ਲਾਇਆ ਜਾਂਦਾ ਸੀ/ਹੈ ਕਿ ਸਰਕਾਰ ਲੋਕਾਂ ਦੇ ਜੀਵਨ ਅਤੇ ਕੰਮ ਕਾਰ ਵਿਚ ਦਖਲ ਦਿੰਦੀ ਹੈ ਜਿਸ ਨਾਲ "ਆਜ਼ਾਦੀ" ਭੰਗ ਹੁੰਦੀ ਹੈ। ਅਸਲ ਵਿਚ ਅਮੀਰ ਦੀ ਲੁੱਟ ਨੂੰ ਤੰਗੀ ਹੁੰਦੀ ਹੈ। ਅਮੀਰ ਨਹੀਂ ਚਾਹੁੰਦਾ ਕਿ ਉਸ ਦੀ ਲੁੱਟਮਾਰ (ਮੁਨਾਫੇਖੋਰੀ) ਨੂੰ ਪੂਰੀ ਖੁੱਲ੍ਹ ਹੋਵੇ ਅਤੇ ਉਸ ਦੇ ਕੰਮ ਲਈ ਕੋਈ ਨਿਯਮ ਅਤੇ ਕਾਨੂੰਨ ਨਾ ਹੋਵੇ। ਅਤੇ ਜੇਕਰ ਅਤਿ ਜ਼ਰੂਰੀ ਤੇ ਬੁਨਿਆਦੀ ਸਮਾਜਕ ਸੇਵਾਵਾਂ ਭੀ ਪ੍ਰਾਈਵੇਟ ਹੋ ਜਾਣ ਤਾਂ ਫਿਰ ਅਮੀਰਾਂ ਦੀਆਂ ਪੌਂ ਬਾਰਾਂ ਕਿਉਂਕਿ ਉਹਨਾਂ ਦੀ ਹਰ ਵਿਅਕਤੀ ਨੂੰ ਲੋੜ ਹੈ ਜਿਵੇਂ ਡਾਕਟਰੀ, ਵਿਦਿਆ, ਬੇ-ਰੁਜ਼ਗਾਰੀ ਸਮੇਂ ਪੈਸਾ (ਭੱਤਾ), ਛਾਕ ਅਤੇ ਪਰਿਵਾਰ ਸੰਬੰਧੀ ਸਹਾਇਤਾ ਆਦਿ। ਇਸ ਪ੍ਰਾਈਵੇਟ ਕਰਣ ਦਾ ਵੱਡਾ ਮੁਦੱਈ (ਬੀ ਸੀ ਵਿਚ) "ਫਰੇਜ਼ਰ ਇੰਸਟੀਚਿਊਟ" ਅਤੇ ਇਸ ਦੇ ਸਹਾਇਕ ਅਮੀਰ ਹਨ ਅਤੇ ਬੀ ਸੀ ਦੀ ਸਰਕਾਰ ਧਨੀਆਂ ਦੀ ਨੁਮਾਇੰਦਾ ਹੈ। ਪ੍ਰਾਈਵੇਟ ਕਰਣ ਦੇ ਹਾਮੀ ਆਖਦੇ ਹਨ ਕਿ ਸੋਸ਼ਲ ਸਿਕਿਉਰਿਟੀ ਆਦਿ ਲੋਕਾਂ ਨੂੰ "ਕੰਮਚੋਰ" ਬਣਾਉਂਦੀ ਹੈ। ਇਹਨਾਂ ਨੂੰ ਪੁੱਛੋ ਕੌਣ ਨਹੀਂ ਚਾਹੁੰਦਾ ਕਿ ਉਸ ਪਾਸ ਕੰਮ ਨਾ ਹੋਵੇ ਅਤੇ ਉਹ ਭੀ ਚੰਗੇ ਇਲਾਕੇ ਵਿਚ ਚੰਗਾ ਜੀਵਨ ਬਤੀਤ ਕਰੇ? ਪਰ ਇਹ ਗਲ ਤਾਂ ਇਸ ਪ੍ਰਬੰਧ ਵਿਚ ਹੋ ਨਹੀਂ ਸਕਦੀ। ਇਹ ਭੀ ਨਾਅਰਾ ਹੈ ਕਿ ਸਰਕਾਰ ਸਮਾਜਿਕ ਸੇਵਾਵਾਂ ਤੇ ਜ਼ਿਆਦਾ ਅਤੇ ਫਜ਼ੂਲ ਖਰਚ ਕਰਦੀ ਹੈ ਜਿਸ ਨਾਲ ਸਿੱਕੇ ਦਾ ਫੈਲਾਅ (ਇਲਫਲੇਸ਼ਨ) ਹੁੰਦਾ ਹੈ ਅਤੇ ਬਜਟ ਵਿਚ ਘਾਟਾ ਵਧਦਾ ਹੈ। ਸੋ ਇਹ ਮੁਨਾਫੇਖੋਰ ਟੇਢੇ ਢੰਗ ਨਾਲ ਗਰੀਬ ਨੂੰ


**TOOR SPICES**

6669 FRASER ST., VANCOUVER, B.C.

PH. 324-3432

ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੋਸਰੀ ਖਰੀਦਣ ਤੇ
ਸਪੈਸ਼ਲ ਡਿਸਕਾਉਂਟ ਹੋਵੇਗਾ

**SINGH FOODS**

6684 MAIN ST., (AT 51st. AVE.) VANCOUVER, B.C.

PH. 327-4911

ਕਾਰਨ ਦਸਦੇ ਹਨ ਅਤੇ ਇਲਾਜ ਇਹਨਾਂ ਸੇਵਾਵਾਂ ਦਾ ਖਾਤਮਾ ਅਤੇ ਜਾਂ ਪ੍ਰਾਈਵੇਟ ਹੱਥਾਂ ਵਿਚ ਦੇਣਾ ਦਸਦੇ ਹਨ। ਪਰ ਇਹ ਲੋਕ ਇਹ ਨਹੀਂ ਦਸਦੇ ਕਿ ਕੈਨੇਡਾ ਵਲੋਂ ਪੁਰਾਣੀਆਂ ਤੇ ਨਿਕੰਮੀਆਂ ਡੁਬਕਣੀਆਂ ਉਪਰ ਅਰਬਾਂ ਡਾਲਰ ਦਾ ਖਰਚ ਡੀਫੈਂਸ ਉਪਰ ਫਜ਼ੂਲ ਅਰਬਾਂ ਡਾਲਰ, ਬੀ ਸੀ ਸਰਕਾਰ ਵਲੋਂ ਜਾਪਾਨ ਨੂੰ ਕੌਡੀਆਂ ਦੇ ਭਾਅ ਕੋਲਾ ਦੇਣਾ ਅਤੇ ਅਮੀਰਕਾ ਨੂੰ ਬਿਜਲੀ ਵੇਚਣਾ ਆਦਿ ਹਨ। ਕਨੇਡੀਅਨ ਬੱਜਟ ਅਤੇ ਟੈਕਸ ਸੋਧਾਂ ਰਾਹੀਂ ਅਮੀਰਾਂ ਨੰ ਅਰਬਾਂ ਡਾਲਰਾਂ ਦਾ ਬੋਨਸ ਆਦਿ ਇਨਫਲੇਸ਼ਨ ਅਤੇ ਬੱਜਟ ਖਸਾਰੇ ਦਾ ਕਾਰਨ ਹਨ।

ਸਮਾਜਿਕ ਸੇਵਾਵਾਂ ਦੇ ਵਿਰੋਧ ਇਹ ਭੀ ਆਖਦੇ ਹਨ ਕਿ ਇਹ ਸੇਵਾਵਾਂ ਕੋਈ ਚੀਜ਼ ਪੈਦਾ ਨਹੀਂ ਕਰਦੀਆਂ ਬਲਕਿ ਖਰਚ ਕਰਾਉਂਦੀਆਂ ਅਤੇ ਦਫਤਰਸ਼ਾਹੀ ਤੇ ਅਫਸਰਸ਼ਾਹੀ ਪੈਦਾ ਕਰਦੀਆਂ ਹਨ ਅਤੇ ਸਗੋਂ ਨਿਯਮਾਂ ਤੇ ਕਾਨੂੰਨਾਂ ਰਾਹੀਂ ਜੀਵਨ ਵਹਾ ਕੇ "ਰੋਕਾਂ" ਲਾਉਂਦੀਆਂ ਹਨ। ਉਹ ਪ੍ਰਾਈਵੇਟ ਕਰਣ ਚਾਹੁੰਦੇ ਹਨ ਤਾਂ ਕਿ ਲੋਟੂ "ਆਜ਼ਾਦ ਮਾਰਕਿਟ" ਆਪ ਕੀਮਤਾਂ ਸਥਾਪਤ ਕਰੇ। ਜੇ ਦੂਜੇ ਪਾਸੇ ਵੇਖੋ ਤਾਂ ਫਿਰ ਡੀਫੈਂਸ ਤੋਂ ਭੀ ਕੋਈ ਚੀਜ਼ ਉਸਾਰੂ ਹਾਂ ਪੱਖੀ ਪੈਦਾਵਾਰ ਨਹੀਂ ਬਲਕਿ ਖਪਤ ਤੇ ਨੁਕਸਾਨ ਹੈ। ਇਸ ਤਰ੍ਹਾਂ ਤਾਂ ਇਹ ਲੋਕ ਵਿਦਿਆ ਵਾਰੇ ਭੀ ਇਉਂ ਹੀ ਆਖਣਗੇ। ਪਰ ਇਹਨਾਂ ਸੇਵਾਵਾਂ ਨਾਲ ਮਨੁੱਖੀ ਜੀਵਨ ਸੰਵਰਦਾ ਤੇ ਤੰਦਰੁਸਤ ਰਹਿੰਦਾ ਹੈ ਜੋ ਹਰ ਪੈਦਾਵਾਰ ਤੇ ਖਪਤ ਦੀ ਮੰਡੀ ਹੈ। ਲੋਕ ਤਾਂ ਅਸਲੀ ਸਰਮਾਇਆ ਹਨ ਅਤੇ ਲੋਕ ਹੀ ਧਨ ਅਤੇ ਮੁਨਾਫਾ ਪੈਦਾ ਕਰਦੇ ਹਨ।

ਸਰਕਾਰ ਵਲੋਂ ਸੋਸ਼ਲ ਪਰੋਗਰਾਮਾਂ ਉਪਰ ਖਰਚ ਤਾਂ ਅਸਲ ਵਿਚ ਲੋਕਾਂ ਉਪਰ ਸਹੀ ਇਨਵੈਸਟਮੈਂਟ ਹੈ ਜੋ ਖੁਸ਼ਹਾਲੀ ਅਤੇ ਆਰਥਕ ਵਿਕਾਸ ਕਰਦੇ ਹਨ। ਪ੍ਰਾਈਵੇਟ ਕਰਣ ਨਾਲ ਖਰਚ ਘਟਣ ਦੀ ਥਾਂ ਸਗੋਂ ਵਧੇਗਾ। ਹੈਨਰਾਹਨ ਨੇ ਲਿਖਿਆ ਹੈ, "ਯੂਨੀਅਨ ਜਾਂ ਸਰਕਾਰ ਤੋਂ ਬਾਹਰ ਠੇਕੇ ਦੇਣੇ ਮਦਦਗਾਰ ਨਹੀਂ। ਬਲਕਿ ਉਹ ਸਰਕਾਰ ਭ੍ਰਿਸ਼ਟਾਚਾਰ, ਮਾਇਕ ਫਜ਼ੂਲ ਖਰਚੀ ਅਤੇ ਨਾ-ਅਹਿਲੀ ਦਾ ਵੱਡਾ ਸਾਧਨ ਹਨ। ਅਤੇ ਬਹੁਤ ਸਾਰੇ ਕੇਸਾਂ ਵਿਚ ਸਰਕਾਰ ਦੀਆਂ ਮਾਇਕ ਔਕੜਾਂ ਦਾ ਕਾਰਨ ਹਨ — ਇਸ ਨਾਲ ਟੈਕਸ ਦੇਣ ਵਾਲੇ ਲੋਕਾਂ ਤੇ ਭਾਰ ਪੈਂਦਾ ਹੈ।"

ਜੇ ਖਰਚ ਘਟਾਉਣਾ ਹੈ ਤਾਂ ਕਿਥੋਂ ਤੇ ਕਿਸ ਲਈ। ਲੋਕ ਭਲਾਈ ਤੇ ਖਰਚ ਹੋਣਾ ਚਾਹੀਦਾ ਹੈ ਅਤੇ ਜੀਵਨ ਨੂੰ ਬਹਿਤਰ ਬਣਾਉਣ ਵਿਚ ਸਰਕਾਰ ਨੂੰ ਅਵੱਸ਼ ਮਦਦ ਦੇਣੀ ਚਾਹੀਦੀ ਹੈ। ਮੁਨਾਫੇ ਦੀ ਧੁਨ ਤੇ ਹਵਸ ਅਤੇ ਉਸ ਦੇ ਅਸਰ ਤੇ ਦਬਾਅ ਅਧੀਨ ਪ੍ਰਾਈਵੇਟ ਹੱਥਾਂ ਵਿਚ ਕਰਨਾ ਲੋਕਾਂ ਨੂੰ ਹੋਰ ਦਬਾਉਣਾ ਅਤੇ ਲੁਟਣਾ ਹੈ ਅਤੇ ਨਾਲ ਹੀ ਕੰਮਾਂ ਵਿਚ ਕਟੌਤੀਆਂ ਕਰਨ ਤੇ ਬੇ-ਰੁਜ਼ਗਾਰੀ ਵਧਾਉਣਾ ਹੈ।

# ਪੰਜਾਬ ਜਲ ਰਿਹਾ ਹੈ.........

ਪੰਜਾਬ ਅੰਦਰ ਵੱਡੀ ਮਾਤਰਾ ਵਿਚ ਬਦੇਸ਼ੀ ਹਥਿਆਰ ਪਹਿਲਾ ਹੀ ਮੌਜੂਦ ਹਨ ਅਤੇ ਹੋਰ ਆ ਰਹੇ ਹਨ।

ਇਹ ਹਥਿਆਰ ਅੱਤ ਨਵੀਨ ਹਨ ਅਤੇ ਇਹਨਾਂ ਦੇ ਨਾਮ ਹਰ ਰੋਜ਼ ਹੀ ਲੋਕ ਸੁਣਦੇ ਹਨ।

ਅੱਤਵਾਦੀ ਤੱਤ ਆਮ ਹੀ ਇਹਨਾਂ ਹਥਿਆਰਾਂ ਦੀ ਵਰਤੋਂ ਕਰਦੇ ਹਨ।

ਨੀਲਾਤਾਰਾ ਤੋਂ ਪਿਛੋਂ ਹੁਣ ਤਕ ਅੱਤਵਾਦੀ ਤੱਤਾਂ ਨੇ ਪੰਜਾਬ ਅੰਦਰ ਜਿੰਨੇ ਵੀ ਐਕਸ਼ਨ ਕੀਤੇ ਹਨ ਉਹਨਾਂ ਵਿਚੋਂ ਸੱਤਰ ਫੀਸਦੀ ਵਿਚ ਏ.ਕੇ. 47 ਰਾਈਫਲ ਦੀ ਵਰਤੋਂ ਕੀਤੀ ਗਈ ਹੈ। ਅੱਤਵਾਦੀ ਤੱਤਾਂ ਕੋਲ ਵਧੇਰੇ ਅਸਲਾ ਬਦੇਸ਼ੀ ਹੈ।

ਅਜ ਦੇ ਅਖਬਾਰਾਂ ਵਿਚ ਸਰਕਾਰੀ ਸੂਹੀਆ ਏਜੰ-ਸੀਆਂ ਦੇ ਹਵਾਲੇ ਨਾਲ ਇਹ ਖਬਰ ਛਪੀ ਹੈ ਕਿ ਅੱਤਵਾਦੀਆਂ ਕੋਲ 1000 ਦੇ ਕਰੀਬ ਰਾਕਟ ਹਨ। ਸੰਭਵ ਹੈ ਅੱਤਵਾਦੀ ਤੱਤਾਂ ਕੋਲ ਵਧੇਰੇ ਤਬਾਹੀ ਕਰਨ ਵਾਲੇ ਹੋਰ ਵੀ ਹਥਿਆਰ ਹੋਣ।

ਸੂਹੀਆ ਏਜੰਸੀਆਂ ਦੇ ਹਵਾਲੇ ਨਾਲ ਪਰੈਸ ਵਿਚ ਇਹ ਖਬਰਾਂ ਵੀ ਛਪੀਆਂ ਹਨ ਕਿ ਪਾਕਿਸਤਾਨ ਅੰਦਰੋਂ ਹੋਰ ਟਰੇਂਡ ਅੱਤਵਾਦੀਆਂ ਦੇ ਪੰਜਾਬ ਵਿਚ ਦਾਖਲ ਹੋਣ ਦੀ ਸੰਭਾ-ਵਨਾ ਹੈ। ਇਸ ਦੇ ਨ ਲ ਹੀ ਇਸ ਕਿਸਮ ਦੀਆ ਸੂਚਨ ਵਾਂ ਵੀ ਹਨ ਕਿ ਅੱਤਵਾਦੀਆਂ ਵਿਚ ਨਵੇਂ ਰੰਗਰੂਟ ਵੀ ਭਰਤੀ ਹੋਏ ਹਨ।

ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅਤੇ ਕੁਝ ਹੋਰ ਇਤਿਹਾਸਕ ਗੁਰਦਵਾਰਿਆਂ ਉਤੇ ਅੱਤਵਾਦੀ ਤੱਤਾਂ ਦਾ ਮੁਕੰਮਲ ਕਬਜ਼ਾ ਹੈ।

ਪੰਜਾਬ ਅੰਦਰ ਹੰਗਾਮੀ ਹਾਲਤ ਲਾਗੂ ਕਰਨ ਅਤੇ ਪੰਜਾਬ ਨੂੰ ਫੌਜ ਦੇ ਹਵਾਲੇ ਕਰਨ ਦੀਆਂ ਪ੍ਰੈਸ ਵਿਚ ਛਪ ਰਹੀਆਂ ਖਬਰਾਂ ਨੂੰ ਮੁਖ ਰਖਦਿਆਂ ਅੱਤਵਾਦੀ ਤੱਤ ਨਿਸਚੇ ਹੀ ਆਪਣੀ ਯੁਧ-ਨੀਤੀ ਵੀ ਬਦਲਣਗੇ ਅਤੇ ਪੰਜਾਬ ਤੋਂ ਬਾਹਰ ਹੋਰ ਨਵੇਂ ਅੱਡੇ ਵੀ ਬਨਾਉਣਗੇ। ਸੰਭਵ ਹੈ ਉਹ ਪੰਜਾਬ ਤੋਂ ਬਾਹਰ ਵੀ ਐਕਸ਼ਨ ਸ਼ੁਰੂ ਕਰ ਦੇਣ।

ਇਹਨਾਂ ਸਾਰੇ ਤੱਥਾਂ ਅਤੇ ਭਵਿੱਖ-ਬਾਣੀਆਂ ਨੂੰ ਇਕ ਪਾਸੇ ਰਖਦਿਆਂ ਹੋਇਆਂ ਇਹ ਗੱਲ ਇਕ ਹਕੀਕਤ ਹੈ ਕਿ ਪੰਜਾਬ ਦੇ ਸਬੰਧ ਵਿਚ ਕੇਂਦਰੀ ਸਰਕਾਰ ਨੇ ਜਿਹੜੀ ਨਵੀਂ ਨੀਤੀ ਅਪਣਾਈ ਹੈ ਉਸ ਤੋਂ ਪਿਛੋਂ ਅੱਤਵਾਦੀ ਸਰਗਰਮੀਆਂ ਅਤੇ ਵਾਰਦਾਤਾਂ ਵਧੀਆਂ ਹਨ ਅਤੇ ਰਾਕਟਾਂ ਵਰਗੇ ਹਥਿਆਰਾਂ ਦੀ ਵਰਤੋਂ ਹੋਣ ਲੱਗ ਪਈ ਹੈ।

ਵੀਰਵਾਰ ਦੀ ਰਾਤ ਨੂੰ ਪੰਜਾਬ ਅੰਦਰ ਹੋਈਆਂ ਅੱਤਵਾਦੀ ਘਟਨ ਵਾਂ ਵਿਚ 36 ਵਿਅਕਤੀਆਂ (ਜਿੰਨਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਹਨ) ਦੇ ਹੋਏ ਕਤਲ ਨਾਲ ਹਰ ਪਾਸੇ ਹਾਹਾਕਾਰ ਮਰ ਗਈ ਅਤੇ ਵੱਖ ਵੱਖ ਹਲਕਿਆਂ ਵਲੋਂ ਕੇਂਦਰੀ ਸਰਕਾਰ ਦੀ ਤਿੱਖੀ ਆਲੋਚਨਾ ਹੋਈ ਜਿਸ ਦੀ ਪੰਜਾਬ ਬਾਰੇ ਨਵੀਂ ਪਾਲਸੀ ਨਾਲ ਜਿਥੇ ਪੁਲਸ ਤੇ ਨੀਮ ਫੌਜੀ ਬਲਾਂ

■ ਸਪੈਸ਼ਲ **GABA TRAVELS (1982) LTD.** ■ ਸਪੈਸ਼ਲ ■

(6612 MAIN ST., VANCOUVER, B.C. V5X 3H2



**Tel. (604) 324-3336**

**AUTHORIZED AGENTS FOR AIR INDIA**

AND NOW WE ARE AUTHORISED

**K.L.M.** (ROYAL DUTCH AIRLINES)

SPECIAL FARE TO: Delhi, Karachi, Colombo, Singapore, London, Amsterdam

ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ

ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ।

ਗੁਰੂ ਨਾਨਕ ਟਰੈਵਲ
ਨਿਊ ਸੋਢੀ ਨਗਰ, ਮੋਗਾ,
ਫੋਨ 2161, 35 32

TOLL FREE NO.
B. C. & ALBERTA
1—800 663 6696

ASSOCIATED OFFICES IN INDIA:

**GABA TRAVELS**
(Opposit Friends Theatre)
JALLANDHAR CITY
TEL. 74597

**GABA TRAVELS**
V.P.O. NURMAHAL
JALLANDHAR
TEL. 49

**GABA TRAVELS**
NEW DELHI

ਵਿਚ ਪਸਹਿੰਮਤੀ ਆਈ ਉਥੇ ਅੱਤਵਾਦੀ ਤੱਤਾਂ ਤੇ ਉਹਨਾਂ ਦੇ ਸਮਰਥਕਾਂ ਦੀ ਹਰ ਥਾਂ ਚੜ੍ਹ ਮਚ ਗਈ।

ਪੰਜਾਬ ਵਿਚ ਪਿਛਲੇ ਤਿੰਨ ਚਾਰ ਦਿਨਾਂ ਵਿਚ ਅੱਤਵਾਦੀ ਵਾਰਦਾਤਾਂ ਵਿਚ ਜ਼ਿਹੜਾ ਉਛਾਲਾ ਆਇਆ ਹੈ ਉਸ ਨੂੰ ਮੁਖ ਰਖਦਿਆਂ ਕੇਂਦਰ ਵਿਚ ਉਚੀ ਪੱਧਰ ਉਤੇ ਪੰਜਾਬ ਦੀ ਹਾਲਤ ਵਿਚਾਰੀ ਗਈ, ਪੰਜਾਬ ਦੇ ਗਵਰਨਰ ਨਾਲ ਵੀ ਸਲਾਹ-ਮਸ਼ਵਰੇ ਕੀਤੇ ਗਏ ਅਤੇ ਕੇਂਦਰੀ ਸਰਕਾਰ ਨੇ ਅੱਤਵਾਦੀ ਭੁੱਤਾਂ ਦਾ ਟਾਕਰਾ ਕਰਨ ਲਈ ਇਕ ਤਿੰਨ-ਪੜਾਈ ਯੋਜਨਾ ਵੀ ਤਿਆਰ ਕੀਤੀ ਹੈ ਜਿਸ ਵਿਚ ਪੰਜਾਬ ਪਾਕਿਸਤਾਨ ਸਰਹੱਦ ਨੂੰ ਸੀਲ ਕਰਨਾ, ਨੀਮ-ਫੌਜੀ ਦਲਾਂ ਦੀ ਗਿਣਤੀ ਵਧਾਉਣਾ, ਰਾਤ ਸਮੇਂ ਦਾ ਕਰਫਿਊ ਲਾਗੂ ਕਰਨਾ ਆਦਿ ਸ਼ਾਮਲ ਹਨ।

ਪੰਜਾਬ ਬਾਰੇ ਉਚ ਪੱਧਰੀਆਂ ਹੰਗਾਮੀ ਮੀਟਿੰਗਾਂ ਲਾਉਣ ਤੋਂ ਪਿਛੋਂ ਕੇਂਦਰੀ ਗ੍ਰਹਿ ਮੰਤਰੀ ਅਤੇ ਪਰਧਾਨ ਮੰਤਰੀ ਨੇ ਕੁਝ ਬਿਆਨਬਾਜ਼ੀ ਕੀਤੀ ਹੈ।

ਪਰਧਾਨ ਮੰਤਰੀ ਨੇ ਆਖਿਆ ਹੰਗਾਮੀ ਹਾਲਤ ਲਾਗੂ ਕਰਨ ਤੋਂ ਪਹਿਲਾਂ ਸਾਰੀ ਹਾਲਤ ਨੂੰ ਗੌਹ ਨਾਲ ਵਾਚ ਰਹੇ ਹਾਂ।

ਪ੍ਰਧਾਨ ਮੰਤਰੀ ਨੇ ਪੰਜਾਬ ਵਿਚਲੀ ਹਾਲਤ ਬਾਰੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਜਾਂ ਉਹਨਾਂ ਦੇ ਸੁਆਲਾਂ ਦਾ ਜੁਆਬ ਦਿੰਦਿਆਂ ਪੰਜਾਬ ਦੀ ਸਥਿਤੀ ਨੂੰ ਬਹੁਤੀ ਗੰਭੀਰ ਨਹੀਂ ਸਮਝਿਆ। ਉਹਨਾਂ ਨੇ ਇਹ ਹੈਰਾਨੀ ਭਰਿਆ ਵਿਸ਼ਲੇਸ਼ਨ ਕੀਤਾ ਕਿ ਪੰਜਾਬ ਅੰਦਰ ਅੱਤਵਾਦੀ ਘਟਨਾਵਾਂ ਤਾਂ ਘੱਟ ਰਹੀਆਂ ਹਨ ਪਰ ਘਟਨਾਵਾਂ ਵਿਚ ਮੌਤਾਂ ਦੀ ਗਿਣਤੀ ਵਧ ਰਹੀ ਹੈ।

ਪਰਧਾਨ ਮੰਤਰੀ ਜਦੋਂ ਇਸ ਕਿਸਮ ਦਾ ਬਿਆਨ ਦੇ ਰਹੇ ਸਨ ਤਾਂ ਸ਼ਨੀਵਾਰ ਦੇ ਅਖਬਾਰਾਂ ਵਿਚ ਛਪਿਆ ਵੇਰਵਾ ਉਹਨਾਂ ਦੀ ਯਾਦ-ਸ਼ਕਤੀ ਵਿਚ ਮੌਜੂਦ ਸੀ। ਇਹ ਵੇਰਵਾ ਕੀ ਸੀ?

'ਤਹਿਸੀਲ ਪੱਟੀ ਵਿਚ ਚਾਰ ਵੱਖ ਵੱਖ ਘਟਨਾਵਾਂ ਵਿਚ ਅੱਤਵਾਦੀਆਂ ਨੇ ਇਕ ਹੀ ਪਰਵਾਰ ਦੇ 18 ਵਿਅਕਤੀਆਂ ਸਮੇਤ 26 ਵਿਅਕਤੀ ਹਲਾਕ ਕੀਤੇ, ਜ਼ਿਲਾ ਗੁਰਦਾਸਪੁਰ ਵਿਚ ਹੋਈਆਂ ਘਟਨਾਵਾਂ ਵਿਚ ਪੰਜ ਵਿਅਕਤੀ ਹਲਾਕ ਹੋਏ ਅਤੇ ਜ਼ਿਲਾ ਕਪੂਰਥਲਾ ਵਿਚ ਹੋਈ ਵਾਰਦਾਤ ਵਿਚ ਤਿੰਨ ਵਿਅਕਤੀ ਮਰੇ। ਏਸੇ ਤਰਾਂ ਜ਼ਿਲਾ ਲੁਧਿਆਣਾ ਵਿਚ ਵੀ ਇਕ ਵਿਅਕਤੀ ਮਰਿਆ। ਇਸ ਤੋਂ ਬਿਨਾਂ ਸੂਬੇ ਭਰ ਵਿਚ ਅਸਲਾ ਲੁਟਣ, ਸਕੂਟਰ ਖੋਹਣ ਆਦਿ ਦੀਆਂ ਵੀ ਕਈ ਘਟਨਾਵਾਂ ਹੋਈਆਂ।

ਜੇ ਪਿਛਲੇ ਤਿੰਨਾਂ ਮਹੀਨਿਆਂ ਵਿਚ ਹੋਈਆਂ ਘਟਨਾਵਾਂ ਉਤੇ ਹੀ ਝਾਤ ਪਾਈ ਜਾਵੇ ਤਾਂ ਇਸ ਸਿਟੇ ਤੇ ਪੁਜੇ ਬਿਨਾਂ ਨਹੀਂ ਰਿਹਾ ਜਾ ਸਕਦਾ ਕਿ ਅੱਤਵਾਦੀ ਘਟਨਾਵਾਂ ਵੀ ਵਧ ਰਹੀਆਂ ਹਨ ਅਤੇ ਮੌਤਾਂ ਦੀ ਗਿਣਤੀ ਵੀ ਉਪਰ ਜਾ ਰਹੀ ਹੈ।

ਕੁਲ ਮਿਲਾਕੇ ਚੜ੍ਹੇ ਸਾਲ ਦੇ ਪਹਿਲੇ ਤਿੰਨਾਂ ਮਹੀਨਿਆਂ ਵਿਚ 600 ਦੇ ਕਰੀਬ ਲੋਕ ਅੱਤਵਾਦੀਆਂ ਹਥੋਂ ਮਾਰੇ ਗਏ ਹਨ। ਅਥਵਾ ਹਰ ਰੋਜ਼ ਲਗਪਗ ਸੱਤ ਦੇ ਕਰੀਬ ਕਤਲ ਬਣਦੇ ਹਨ।

ਗਵਰਨਰੀ ਰਾਜ ਅੰਦਰ ਬਰਨਾਲਾ ਦੀ ਹਕੂਮਤ ਸਮੇਂ ਨਾਲੋਂ ਅੱਤਵਾਦੀ ਵਾਰਦਾਤਾਂ ਵੀ ਵਧੀਆਂ ਹਨ ਅਤੇ ਕਤਲਾਂ ਦੀ ਗਿਣਤੀ ਵੀ ਵਧੀ ਹੈ ਅਤੇ ਪੰਜਾਬ ਬਾਰੇ ਕੇਂਦਰ ਦੀ ਨਵੀਂ ਨੀਤੀ ਨਾਲ ਤਾਂ ਅੱਤਵਾਦੀ ਸਰਗਰਮੀਆਂ ਇਸ ਹੱਦ ਤਕ ਵਧ ਗਈਆਂ ਹਨ, ਅੱਤਵਾਦੀ ਤੱਤਾਂ ਦੀ ਇਸ ਹੱਦ ਤਕ ਚੜ੍ਹ ਮਚ ਗਈ ਹੈ ਕਿ ਉਹ ਦਿਨੇ ਦਿਨ ਨਵੀਨ ਹਥਿਆਰ ਲੈ ਕੇ ਪਿੰਡਾਂ ਵਿਚ ਘੁੰਮ ਫਿਰ ਰਹੇ ਹਨ। ਪੁਲਸ ਉਹਨਾਂ ਦਾ ਪਿੱਛਾ ਨਹੀਂ ਕਰ ਰਹੀ ਅਤੇ ਨੀਮ-ਫੌਜੀ ਦਲ ਵੀ ਬੇ-ਅਸਰ ਹੋ ਕੇ ਰਹਿ ਗਏ ਹਨ। ਪਰ ਪਰਧਾਨ ਮੰਤਰੀ ਆਖ ਰਹੇ ਹਨ ਕਿ ਪੰਜਾਬ ਦੇ ਹਾਲਾਤ ਬਹੁਤੇ ਗੰਭੀਰ ਨਹੀਂ ਹਨ ਅਤੇ ਅੱਤਵਾਦੀ ਵਾਰਦਾਤਾਂ ਵੀ ਘਟੀਆਂ ਹਨ। ਦੂਜੇ ਸ਼ਬਦਾਂ ਵਿਚ ਜੇ ਪੰਜਾਬ ਅੰਦਰ ਕਿਸੇ ਦਿਨ ਅੱਤਵਾਦੀ ਇਕ ਸੌ ਦੇ ਕਰੀਬ ਨਿਰਦੋਸ਼ ਵਿਅਕਤੀਆਂ ਨੂੰ ਮਾਰ ਦੇਣ ਤਾਂ ਵੀ ਪਰਧਾਨ ਮੰਤਰੀ ਲਈ ਕੋਈ ਚਿੰਤਾ ਵਾਲੀ ਗੱਲ ਨਹੀਂ ਹੋਵੇਗੀ।

ਪ੍ਰਧਾਨ ਮੰਤਰੀ ਜੀ ਫਰਮਾਉਂਦੇ ਹਨ ਕਿ ਉਹ ਪੰਜਾਬ ਦੇ ਹਾਲਾਤ ਨੂੰ ਪੂਰੀ ਤਰਾਂ ਵਾਚ ਰਹੇ ਹਨ।

ਪਰਧਾਨ ਮੰਤਰੀ ਤੇ ਉਹਨਾਂ ਦੇ ਗ੍ਰਹਿ ਮੰਤਰੀ ਦੀਆਂ ਨਜ਼ਰਾਂ ਵਿਚ ਪੰਜਾਬ ਆਮ ਵਾਂਗ ਹੀ ਵੱਸ ਰਿਹਾ ਹੈ। ਉਹ ਕਾਫੀ ਸਮੇਂ ਤੋਂ ਏਹੀ ਰੱਟ ਲਾਉਂਦੇ ਚਲੇ ਆ ਰਹੇ ਹਨ ਕਿ ਪੰਜਾਬ ਦੀ ਅਵਸਥਾ 'ਤੇ ਨਜ਼ਰ ਰਖੀ ਜਾ ਰਹੀ ਹੈ।

ਕੇਂਦਰ ਦੀ ਮੌਜੂਦਾ ਪੰਜਾਬ ਨੀਤੀ ਪੰਜਾਬ ਮਸਲੇ ਹੱਲ ਕਰਨ ਵਾਲੀ ਨਹੀਂ ਸਗੋਂ ਇਸ ਨੂੰ ਹੋਰ ਵਿਗਾੜਨ ਵਾਲੀ ਹੈ।

ਇਸ ਗੱਲ ਵਿਚ ਕੋਈ ਵੀ ਸ਼ੱਕ ਨਹੀਂ ਕਿ ਸਾਮਰਾਜੀ ਸ਼ਹਿ ਅਤੇ ਮਦਦ ਪ੍ਰਾਪਤ ਅੱਤਵਾਦੀ-ਵੱਖਵਾਦੀ ਤੱਤਾਂ ਨੂੰ ਨਖੇੜਨ ਤੇ ਕੁਚਲਨ ਲਈ ਸਰਹੱਦ ਵੀ ਸੀਲ ਕਰਨੀ ਚਾਹੀਦੀ ਹੈ ਅਤੇ ਹੋਰ ਸਖਤ ਉਪਾ ਵੀ ਹੋਣੇ ਚਾਹੀਦੇ ਹਨ। (ਇਹ ਕੁਝ ਕਰਨ ਲਈ ਹੰਗਾਮੀ ਹਾਲਤ ਦੀ ਲੋੜ ਨਹੀਂ।) ਪਰ ਇਹ ਸਾਰਾ ਕੁਝ ਪੰਜਾਬ ਮਸਲੇ ਦਾ ਪੰਜਾਬ ਸਮਝੌਤੇ ਦੀ ਸੇਧ ਵਿਚ ਸਿਆਸੀ ਹੱਲ ਕਰਨ ਦੇ ਨਾਲ ਜੁੜਵਾਂ ਹੋਣਾ ਚਾਹੀਦਾ ਹੈ ਤਾਂ ਜੋ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁੱਧ ਵਿਸ਼ਾਲ ਜਨਤਕ ਲਾਮਬੰਦੀ ਕੀਤੀ ਜਾ ਸਕੇ। ਪਰ ਸਰਕਾਰ ਇਸ ਰਾਹ ਤੇ ਨਹੀਂ ਪਈ ਸਗੋਂ ਇਹ ਵੱਖਵਾਦੀ-ਵੰਡਵਾਦੀ ਸ਼ਕਤੀਆਂ ਅੱਗੇ ਗੋਡੇ ਟੇਕਣ ਤਕ ਚਲੀ ਗਈ ਹੈ ਅਤੇ ਆਪਣੀ ਗੱਦੀ ਦੀ ਹਵਸ਼ ਦੀ ਪੂਰਤੀ ਲਈ ਦੇਸ਼ ਦੀ ਆਨ ਅਤੇ ਅਖੰਡਤਾ ਦੋਹਾਂ ਨੂੰ ਹੀ ਕੁਰਬਾਨ ਕਰਨ ਲਈ ਤਿਆਰ ਹੈ।

ਪਰਧਾਨ ਮੰਤਰੀ ਰਾਜੀਵ ਗਾਂਧੀ ਦੀਆਂ ਪੰਜਾਬ ਬਾਰੇ ਯੋਜਨਾਵਾਂ ਅਤੇ ਨੀਤੀਆਂ ਦੇ ਸਬੰਧ ਵਿਚ ਇਹ ਟਿਪਣੀ ਕਿਸੇ ਤਰਾਂ ਗਲਤ ਨਹੀਂ ਹੋਵੇਗੀ ਕਿ ਰੋਮ ਜਲ ਰਿਹਾ ਹੈ ਅਤੇ ਨੀਰੋ ਬੰਸਰੀ ਬਜਾ ਰਿਹਾ ਹੈ।

ਰਾਜੀਵ ਦੀ ਪੰਜਾਬ ਬਾਰੇ ਨੀਤੀ ਕੇਵਲ ਪੰਜਾਬ ਲਈ ਹੀ ਘਾਤਕ ਨਹੀਂ ਸਗੋਂ ਸਮੁੱਚੇ ਦੇਸ਼ ਲਈ ਵੀ ਘਾਤਕ ਹੈ। ਇਸ ਨੀਤੀ ਵਿਚ ਬਹੁਤ ਸਾਰੇ ਹੋਰ ਖਤਰੇ ਲੁਕੇ ਪਏ ਹਨ।

ਰਾਜੀਵ ਗਾਂਧੀ ਦੇ ਪੰਜਾਬ ਬਾਰੇ ਸਾਜ਼ਿਸ਼ੀ ਕਦਮਾਂ ਨੂੰ ਲੋਕਾਂ ਵਿਚ ਬੁਰੀ ਤਰਾਂ ਨੰਗਾ ਕੀਤਾ ਜਾਣਾ ਚਾਹੀਦਾ ਹੈ।

ਸੀ. ਪੀ. ਆਈ (ਐਮ) ਦੇ ਪੋਲਟ ਬਿਊਰੋ ਨੇ ਪੰਜਾਬ ਦੀ ਅਜੋਕੀ ਅਵਸਥਾ ਬਾਰੇ ਆਪਣੀ ਟਿਪਣੀ ਵਿਚ ਏਸੇ ਗਲ ਦਾ ਹੋਕਾ ਦਿੱਤਾ ਹੈ ਅਤੇ ਏਸੇ ਹੀ ਸੇਧ ਵਿਚ ਕੇਂਦਰ ਦੀ ਨਵੀ ਖਤਰਨਾਕ ਚਾਲ ਦੀ ਟੋਹ ਲਈ ਹੈ।

## ਲੀਲਾ ਸੁੰਦਰਈਆ ਦਾ ਦਿਹਾਂਤ

ਵਿਜੇਵਾੜਾ, 23 ਮਾਰਚ (ਲ. ਸ)—ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਅਤੇ ਭਾਰਤੀ ਜਨਵਾਦੀ ਇਸਤਰੀ ਸਭਾ ਦੀ ਨੇਤਾ ਸ੍ਰੀਮਤੀ ਲੀਲਾ ਸੁੰਦਰਈਆ ਦਾ ਪਰਸੋਂ ਇਥੇ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋਗਿਆ ਉਹ 75 ਸਾਲਾਂ ਦੇ ਸਨ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਸਾਬਕਾ ਜਨਰਲ ਸਕੱਤਰ ਮਰਹੂਮ ਸਾਥੀ ਪੀ. ਸੁੰਦਰਈਆ ਦੀ ਪਤਨੀ ਸਨ।

ਉਹ ਰਾਜਸੀ ਨੇਤਾ ਹੋਣ ਤੋਂ ਇਲਾਵਾ ਸਿਰ ਕੱਢ ਲੇਖਕਾਂ ਤੇ ਭਾਸ਼ਾ ਵਿਗਿਆਨੀ ਸਨ। ਉਹ ਕੁਝ ਸਮੇਂ ਤੋਂ ਦਿਲ ਦੀ ਬਿਮਾਰੀ ਤੋਂ ਪੀੜਤ ਸਨ।

ਸ੍ਰੀਮਤੀ ਸੁੰਦਰਈਆ ਨੇ ਤੇਲੰਗਾਨਾ ਦੀ ਕਿਸਾਨੀ ਲਹਿਰ ਵਿਚ ਤੇ ਬਾਅਦ ਵਿਚ ਚਲੀਆ ਹੋਰ ਲਹਿਰਾਂ ਵਿਚ ਸਰਗਰਮ ਹਿੱਸਾ ਲਿਆ।

# ਆਲ ਇੰਡੀਆ ਫੂਡ ਲਿਮਟਿਡ

**6634 Main St., Vancouver, B.C.**

**ਫੋਨ : (604) 324-1686**

**ਸਾਡੇ ਦੋਵਾਂ ਸਟੋਰਾਂ ਵਿਚ ਸਟੀਲ ਦੇ ਭਾਂਡਿਆਂ ਦੀਆਂ ਤਿੰਨ ਸ਼ਿਪਮੈਂਟਾਂ ਸਿਧੀਆਂ ਫੈਕਟਰੀ ਤੋਂ ਪਹੁੰਚ ਗਈਆਂ ਹਨ**

ਹਰ ਤਰ੍ਹਾਂ ਦਾ ਸਟੀਲ ਦਾ ਬਰਤਨ ਗਲਾਸ, ਕੌਲੀਆਂ, ਥਾਲ, ਕੜਛੀਆਂ, ਚਮਚੇ, ਗੜਵੀਆਂ, ਚਕੌਲੇ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਬਰਤਨ ਸਾਰੇ ਕੈਨੇਡਾ ਵਿਚੋਂ ਸਸਤੇ ਖ੍ਰੀਦਣ ਲਈ ਤੁਰੰਤ ਪਹੁੰਚੋ

**ਅਜਿਹਾ ਨਾ ਹੋਵੇ ਕਿ ਤੁਹਾਨੂੰ ਅਗਲੀਆਂ ਸ਼ਿਪਮੈਂਟਾਂ ਦੀ ਉਡੀਕ ਕਰਨੀ ਪਵੇ**

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ,

ਹਰੀਆਂ ਸਬਜ਼ੀਆਂ,

ਆਚਾਰ, ਬਦਾਮ,

ਪਿਸਤਾ, ਲੈਂਚੀਆਂ,

ਵਿਆਹਾਂ ਸ਼ਾਦੀਆਂ, ਅਖੰਡਪਾਠਾਂ

ਅਤੇ ਹੋਰਨਾਂ ਦਿਨਾਂ—ਤਿਹਾਰਾਂ ਲਈ

ਸਾਡੇ ਕੋਲੋਂ ਖ੍ਰੀਦੋ

## ALL INDIA FOODS

6634 MAIN STREET, VANCOUVER, B.C.

**PH. (604) 324-1686**

**ਸਟੋਰ ਹਫਤੇ ਦੇ ਸੱਤੇ ਦਿਨ ਖੁੱਲਾ ਰਹਿੰਦਾ ਹੈ**

2nd class Mail Reg. No. 6794
Monthly Magazine
The
Lokta
P.O.Box 67534 STN.'O'
VANCOUVER, B.C. V5W 3T9





SHAN
SAREES &
DRAPERY LTD.

ਪੰਜਾਬੀ ਮਾਰਕਿਟ
ਵਿੱਚ ਆਉਣ ਸਮੇਂ
ਹੋਰ ਛਾਂਗੀਆਂ
ਗਈਆਂ ਕੀਮਤਾਂ
ਤੇ ਨਵੇਂ ਪੁੱਜੇ ਮਾਲ
ਨੂੰ ਦੇਖੇ ਬਗੈਰ ਨਾ
ਜਾਓ!!!

ਪੰਜਾਬੀ ਮਾਰਕੀਟ ਵਿਚ
ਸੂਟ - ਸਾੜ੍ਹੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਣ ਦੇ ਮੁਫਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕੱਪੜਿਆਂ 'ਤੇ ਹਮੇਸ਼ਾਂ ਹੀ ਕੁਝ ਨਾ ਕੁਝ
ਜਰੂਰ OFF ਮਿਲਦਾ ਹੈ।

ਕੋਈ ਵੀ ਚੀਜ਼ ਖ਼ੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ
ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾ
ਖੁਸ਼ੀ ਮਹਿਸੂਸ ਕਰੇਗਾ।

# ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

6543 MAIN ST. [BETWEEN 49TH. & 50TH.]
VANCOUVER, PH: 321-1955. 321-0847